# 21ਵੀਂ ਸਦੀ ਨਵ-ਬਸਤੀਵਾਦ ਦਾ ਦੌਰ ਅਤੇ ਪੰਜਾਬੀ ਕਵਿਤਾ

ਡਾ. ਸਰਬਜੀਤ ਕੌਰ

21ਵੀਂ ਸਦੀ ਦਾ ਦੌਰ ਨਵ-ਬਸਤੀਵਾਦ ਦੇ ਜਟਿਲ ਸਾਮਰਾਜੀ ਵਸਤੂ-ਯਥਾਰਥ ਨਾਲ ਭਰਪੂਰ ਵਰਤਾਰਾ ਹੈ। ਜਿਸਨੂੰ ਸਮਾਜ ਸਭਿਆਚਾਰ ,ਸਾਹਿਤ , ਧਰਮ,ਰਾਜਨੀਤੀ ਆਦਿ ਦੇ ਸੰਦਰਭ ਵਿਚ ਭਾਰੀ ਤਬਦੀਲੀ ਅਤੇ ਹੈਰਾਨੀਕੁੰਨ ਗਤੀਸ਼ੀਲਤਾ ਦੇ ਤੌਰ 'ਤੇ ਵੇਖਿਆ ਜਾ ਸਕਦਾ ਹੈ। ਇਹ ਦੌਰ ਰਾਜਨੀਤਕ ਅਰਥਚਾਰੇ ਭਾਵ (political econmy) ਰਾਹੀਂ ਪੂੰਜੀ ਦੇ ਸਾਮਰਾਜੀ ਸਰੂਪ ਨੂੰ ਸਮੂਹ ਸਭਿਆਚਾਰਕ ਵਿੱਲਖਣਤਾਵਾਂ ਦੇ ਸਮਰੂਪੀਕਰਣ ਦੇ ਉਦੇਸ਼ ਅਧੀਨ ਲਿਆ ਕੇ ਵਿਸ਼ਵ ਦੇ ਹਰ ਸਥਾਨਕ ਸਭਿਆਚਾਰ ਅਤੇ ਮਾਨਵੀ ਸਮੂਹਾਂ ਨੂੰ ਆਪਣੀ ਪਕੜ ਵਿਚ ਲਿਆਂਉਂਦਾ ਹੈ । 21ਵੀਂ ਸਦੀ ਦੇ ਇਸ ਡੇਢ ਦਹਾਕੇ ਵਿਚ ਸਾਮਰਾਜੀ ਮੁਹਾਂਦਰੇ ਵਾਲੇ ਪੂੰਜੀਵਾਦ ਨੇ ਸੰਚਾਰ ਦੇ ਅਤਿ ਵਿਕਸਿਤ ਸਾਧਾਨਾ ਰਾਂਹੀ ਵਾਧੂ ਪੂੰਜੀ ਅਤੇ ਮਾਲ ਨੂੰ ਆਰਥਿਕ ਉਦਾਰੀਕਰਨ ਦੀ ਨੀਤੀ ਅਧੀਨ ਲਿਆ ਕੇ ਨਿੱਜੀਕਰਨ , ਨਿਗਮੀਕਰਨ ,ਡਿਜਨੀਕਰਨ ਦੀ ਪ੍ਰਕ੍ਰਿਆ ਦੇ ਤਹਤ ਉੱਤਪਾਦਨ ਦੇ ਕੁਦਰਤੀ ਅਤੇ ਸਭਿਆਚਾਰਕ ਸ੍ਰੋਤਾਂ ਨੂੰ ਖੰਡਿਤ ਕਰਕੇ ਤਤ ਰੂਪ ਵਿਚ ਵਿਕੋਲਿਤਰੀਆਂ ਜਮਾਤਾਂ ਦੇ ਸਮਾਜ ਜਨਮ ਦਿੱਤਾ ਹੈ। ਅਜੋਕੇ ਸਮੇਂ ਵਿਚ ਇਕ ਜਮਾਤ ਦੂਜੇ 'ਤੇ ਰਾਜ ਕਰ ਰਹੀ ਹੈ । ਇਸ ਸਾਮਰਾਜੀ ਬਿਰਤੀ ਦਾ ਮਾਧਿਅਮ ਸਿਰਫ ਰਾਜਸੱਤਾ ਨਹੀਂ ਬਲਕਿ (political econmy)) ਤੋਂ ਪੈਦਾ ਹੋਈ ਵਿਚਾਰਧਾਰਾ ਹੈ । ਇਹ ਵਿਚਾਰਧਾਰਾ ਪੂੰਜੀ ਦੇ ਰਿਸ਼ਤਿਆ ਦੀ ਸਥਾਪਤੀ ਦੀ ਵਿਚਾਰਧਾਰਾ ਹੈ ,ਜਿਸ ਅਧੀਨ ਸਮੂਹ ਸਥਾਨਕ ਸਭਿਆਚਾਰਕ ਵਿੱਖਣਤਾਵਾਂ ਅਤੇ ਮੂਲ ਮਾਨਵੀ ਸੰਵੇਦਨਾਵਾਂ ਨੂੰ ਖੰਡਿਤ ਕਰਕੇ ਨਿੱਜੀ ਸੰਪਤੀ ,ਮਕਾਨਕੀ ਅਤੇ ਬਾਜ਼ਾਰੂ ਰਿਸ਼ਤਿਆ ਨੂੰ ਸੰਸਥਾਗਤ ਰੂਪ ਦੇ ਕੇ ਕਿਰਤ ਸਮੇਤ ਸਾਂਸਕ੍ਰਿਤਕ ਕਦਰਾਂ - ਕੀਮਤਾਂ ਦੀ ਅੰਨੀ ਲੁੱਟ ਕੀਤੀ ਜਾ ਰਹੀ ਹੈ। ਜਿਸਨੂੰ ਇਤਿਹਾਸਕ ਪੱਧਰ 'ਤੇ ਹੁਣ ਤੱਕ ਦੀ ਸਭ ਤੋਂ ਵਧੇਰੇ ਅਮਾਨਵੀ ਲੁੱਟ ਦੀ ਮਿਸਾਲ ਆਖਿਆ ਜਾ ਸਕਦਾ ਹੈ । ਇਸ ਤੋਂ ਪਹਿਲਾਂ ਦੇ ਸਮਾਜਾਂ ਵਿਚ ਰਾਜਸੀ ਤਾਨਸ਼ਾਹੀ ਦੀ ਸੱਪਸ਼ਟਤਾ ਅਤੇ ਸਾਮਰਾਜੀ ਨੀਤੀਆਂ ਦੀ ਬੇਤਹਾਸ਼ਾ ਲੁੱਟ ਪ੍ਰਤੱਖ ਸੀ ਪਰੰਤੂ ਹੁਣ ਅਖੌਤੀ ਸੰਵਿਧਾਨਕ ਮੂਲ ਅਧਿਕਾਰਾਂ ਜਿਵੇਂ ਬੋਲਣ ,ਪ੍ਰਤੀਕਰਮ ਅਤੇ ਪ੍ਰਤੀਰੋਧ ਦੇ ਅਧਿਕਾਰਾਂ ਦੇ ਬਾਵਜੂਦ ਅਤੇ ਲੋਕਤਾਂਤਰਿਕ ਵਿਵਸਥਾ ਦੇ ਕਲਿਆਣਕਾਰੀ ਸਵਰੂਪ ਦੇ ਮੱਦੇਨਜ਼ਰ ਇਸ ਲੁੱਟ ਦਾ ਅਮਨਾਵੀ ਸਰੂਪ ਨਿਰਸੰਦੇਹ ਲਾਜਵਾਬ ਹੈ ।

ਇਸ ਸੰਦਰਭ ਵਿਚ ਏਜਾਜ ਅਹਿਮਦ ਆਪਣੇ ਲੇਖ ਵਿਸ਼ਵੀਕਰਨ ਅਤੇ ਸਭਿਆਚਾਰ ਵਿਚ ਲਿਖਦੇ ਹਨ " ਵਿਸ਼ਵ - ਸਮਾਨਤਾ ਅੰਤਰਰਾਸ਼ਟਰਵਾਦ ਦਾ ਬੁਨਿਆਦੀ ਸਮਾਜਿਕ ਸਭਿਆਚਾਰਕ ਸਰੋਕਾਰ ਸੀ ,ਅਜਿਹੀ ਕਿਸੇ ਵਿਸ਼ੇਸ਼ਤਾ ਪ੍ਰਤੀ ਵਿਸ਼ਵੀਕਰਨ ਦੀ ਪ੍ਰਤੀਬੱਧਤਾ ਕੇਵਲ ਏਨੀ ਹੈ ਕਿ ਇਹ ਬਾਜ਼ਾਰ ਨੂੰ ਬਿਨਾਂ ਰੋਕ - ਟੋਕ ਚਲਾਂਉਂਦੇ ਹੋਏ ਸਭ ਕੁਝ ਨੂੰ (ਸਾਡੇ ਸਭਿਆਚਾਰਕ ਉਤਪਾਦਾ ਨੂੰ ਵੀ ) ਵਿਸ਼ਵ ਪੱਧਰ ਦੇ ਮਾਲ ਵਿਚ ਬਦਲ ਦਿੰਦਾ ਹੈ । ਇਹ ਸਿਰਫ ਫ਼ਰੋਖ਼ਤ ਹੈ, ਜੋ ਵਿਸ਼ਵੀ ਹੈ, ਜਦੋਂ ਕਿ ਉੱਤਪਾਦਨ ਸਥਾਨਕ ਹੈ। ਇਨ੍ਹਾਂ ਸਭ ਦੇ ਵਿਚਕਾਰ ਵਿਸ਼ਵੀਕਰਨ ਦੀ ਮੂਲ ਵਿਚਾਰਧਾਰਾ ਬਰਾਬਰੀ ਵਾਲੀ ਨਹੀਂ ਹੈ, ਅਤੇ ਨਾ ਹੀ ਹੋ ਸਕਦੀ ਹੈ। ਸਗੋਂ ਇਹ ਤਾਂ ਗੈਰ - ਬਰਾਬਰੀ ਵਾਲੀ ਹੈ , ਕਿਸੇ ਸਾਂਝੇ ਮਕਸਦ ਜਾਂ ਸੁਪਨੇ ਲਈ ਕੋਈ ਸਹਿਯੋਗ ਨਹੀ ਹੈ, ਪਰ ਭਿੰਨ - ਭਿੰਨ ਲੱਛਣਾ ਲਈ , ਅਨੰਤ ਗਲਤ ਸੁਪਨਿਆਂ ਵਿਚ ਫੁੱਟ ਨਹੀਂ ਵਿਅਕਤੀਗਤ ਜਾਂ ਸਮੂਹਿਕ ਪ੍ਰਤੀਯੋਗਤਾ ਜ਼ਰੂਰ ਹੈ ।" [1] ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਨਵ - ਬਸਤੀਵਾਦ ਨੇ ਪੂੰਜੀ ਦੇ ਸੰਚਾਲਨ ਨੂੰ ਸੰਚਾਰ ਦੇ ਬੇਸ਼ੁਮਾਰ ਸਾਧਾਨਾ ਰਾਹੀਂ ਸਮੂਹਿਕ ਸਭਿਆਚਾਰਕ ਸਿਰਜਨਾਵਾਂ, ਵਿਲੱਖਣਤਾਵਾਂ ਅਤੇ ਕਦਰਾਂ - ਕੀਮਤਾਂ ਨੂੰ ਖੰਡਿਤ ਕੀਤਾ ਹੈ। ਜਿੱਥੇ ਵਿਸ਼ਵ ਪੱਧਰ ਤੇ ਕਲਾਂ -ਰੂਪਾਂ , ਸੰਗੀਤ , ਲੋਕ - ਜੀਵਨ , ਧਰਮ , ਇਥੋਂ ਤੱਕ ਕੀ ਖਾਣ ਅਤੇ ਪਹਿਨਣ ਦੀਆਂ ਵਸਤੂਆਂ ਨੂੰ ਸਮਰੂਪੀਕਰਣ ਦੀ ਪ੍ਰਕ੍ਰਿਆ ਅਧੀਨ ਲਿਆ ਕੇ ਤਹਿਸ -ਨਹਿਸ ਕੀਤਾ ਜਾ ਚੁੱਕਿਆ ਹੈ,ਉੱਥੇ ਅੰਤਰਰਾਸ਼ਟਰੀ ਪੱਧਰ ਤੇ ਸੰਚਾਰ ਦੇ ਅਤਿ ਵਿਕਸਿਤ ਸਾਧਨਾ ਦੇ ਬਾਵਜੂਦ ਸੁਹਜਮਈ , ਮਾਨਵਵਾਦੀ , ਅਤੇ ਲੋਕਤਾਂਤਰਿਕ ਭਾਵਨਾਵਾਂ ਦੀ ਥਾਂ ਜਾਂਗਲੀ ,ਮਕਾਨਕੀ , ਨੰਗੇਜ ਭਰਪੂਰ ਅਤੇ ਅੰਤਿਮ ਰੂਪ ਵਿਚ ਸਾਮਰਾਜੀ ਬਿਰਤੀਆਂ ਦਾ ਬੋਲਬਾਲਾ ਆਪਣੇ ਸ਼ਿਖਰ 'ਤੇ ਪਹੁੰਚਿਆ ਪ੍ਰੱਤਖ ਵੇਖਿਆ ਜਾ ਸਕਦਾ ਹੈ (ਕਿਉਂਕਿ ) ਇਸ ਡੇਢ ਦਹਾਕੇ ਵਿਚ ਤੇਜ਼ ਗਤੀ ਨਾਲ ਰਾਜਸੀ ਆਰਥਿਕ ਪ੍ਰਬੰਧ ਹੀ ਦਮਨਕਾਰੀ ਨਹੀਂ ਹੋਇਆ,ਸਗੋ ਵਿਸ਼ਵ ਪੱਧਰ ਉਪਰ ਮਾਨਵੀ ਦਮਨ ਦੇ ਬਹੁ- ਪਰਤੀ ਵਰਤਾਰੇ ਸਾਹਮਣੇ ਆਏ ਹਨ। ਇਸ ਸੰਦਰਭ ਐਰਿਕ ਹਾਬਸਬਾਮ ਦੇ ਲੇਖ (The Age Of Extrems:A History Of The World)) (1914-19)ਵਿਚੋਂ ਇਹ ਸ਼ਬਦ ਢੁਕਵੇਂ ਪ੍ਰਤੀਤ ਹੁੰਦੇ ਹਨ "ਨਿਰਸੰਦੇਹ ਅਸੀ ਤਿੱਖੀਆਂ ਅਤੇ ਹੈਰਾਨੀਕੁੰਨ ਤਬਦੀਲੀਆਂ ਦੇ ਦੋਰ ਵਿਚੋਂ ਗੁਜਰ ਰਹੇ ਹਾਂ ।

ਸੰਚਾਰ ਅਤੇ ਤਕਨੀਕੀ ਵਿਕਾਸ ਪੱਖੋਂ ਅਣਕਿਆਸੇ ਪਰਿਵਰਤਨ ਵਾਲੇ ਇਸ ਦੌਰ ਨੂੰ ਪਰਿਭਾਸ਼ਤ ਕਰਨ ਲਈ ਕੋਈ ਸਾਂਝਾ ਸੂਤਰ ਹੱਥ ਨਹੀਂ ਲਗਦਾ । ਸ਼ਾਇਦ ਇਸੇ ਕਰਕੇ ਇਸ ਇਸ ਸਮੇਂ ਨੂੰ ਅਤਿਤਾਵਾਂ ਦਾ ਦੌਰ ਆਖਿਆ ਗਿਆ ਹੈ। ਸ਼ਿਖਰਲੇ ਤਕਨੀਕੀ ਵਿਕਾਸ ਕਰਕੇ ਇਹ ਸਮਾਂ ਮੱਨੁਖ ਦੀ ਬੋਧਿਕ ਤੇ ਰਚਨਾਤਮਿਕ ਊਰਜਾ ਦੇ ਖਿੜਾਉ ਦਾ ਵੇਲਾ ਹੈ। ਸੂਚਨਾ ਅਤੇ ਸੰਚਾਰ 'ਚ ਆਈ ਕਾਂਤ੍ਰੀ ਨੇ ਮੱਨੁਖ ਨੂੰ ਬ੍ਰਹਿਮੰਡ ਦੇ ਰੱਹਸਾ ਦਾ ਹਮਰਾਜ ਬਣਾ ਕੇ ' ਦੂਜਾ ਖੁਦਾ ਬਣਾ ਦਿੱਤਾ - ਮਹਾਂ ਗਿਆਤਾ । ਪਰ ਗਿਆਨ ਹੁਣ ਮੱਨੁਖਤਾ ਦੀ ਸਰਬ - ਸਾਝੀ ਸੰਪਦਾ ਨਹੀਂ ਰਿਹਾ ।"[2] ਪੂੰਜੀ ਦੇ ਸੰਚਾਲਨ ਅਤੇ ਨਵ- ਬਸਤੀਵਾਦ ਦਾ ਭਾਰਤੀ ਸੰਦਰਭ ਵਿਚ ਜਿਥੋਂ ਤੱਕ ਸਵਾਲ ਹੈ, 20ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਹੀ ਭਾਰਤ ਦੀਆਂ ਰਾਜਨੀਤਕ ਅਤੇ ਆਰਥਿਕ ਨੀਤੀਆਂ ਵਿਚ ਨਿੱਗਮੀਕਰਨ ਅਤੇ ਨਿੱਜੀਕਰਨ ਨੇ ਸਾਂਸਕ੍ਰਿਤਕ ਪ੍ਰਗਤੀਸ਼ੀਲਤਾ ਦੇ ਲੋਕਤਾਂਤਰਿਕ ਅਤੇ ਸਮੂਹਿਕ ਕਲਿਆਣਕਾਰੀ ਸੰਕਲਪਾਂ (ਆਦਰਸ਼ਾਂ ) ਦਾ ਖਾਤਮਾ ਕਰਕੇ ਮੂੰਹ ਜ਼ੋਰ ਉਪਭੋਗਤਾਵਾਦ ਨੂੰ ਜਨਮ ਦਿੱਤਾ ਗਿਆ ਹੈ, ਜੋ ਇਸਦੇ ਸਾਮਰਾਜੀ ਅਤੇ ਦਮਨਕਾਰੀ ਸਵਰੂਪ ਦਾ ਉਭਰਵਾ ਲੱਛਣ ਕਿਹਾ ਜਾ ਸਕਦਾ ਹੈ। ਭਾਰਤੀ ਹਾਕਮ ਜ਼ਮਾਤ ਵਲੋਂ 1994 ਵਿਚ ਗੈਟ

ਸਮਝੌਤੇ ਤੇ ਦਸਖ਼ਤ ਕਰਨ ਅਤੇ 1995 ਵਿਚ ਵਿਸ਼ਵ ਵਪਾਰ ਸੰਗਠਨ ਦੀ ਮੈਂਬਰਸ਼ਿਪ ਹਾਸਿਲ ਕਰਕੇ ਬੜੇ ਮਾਣ ਨਾਲ ਗੌਰਵਸ਼ਾਲੀ ਸਾਂਸਕ੍ਰਿਤਕ ਵਿਰਾਸਤ ਵਾਲੇ ਦੇਸ਼ ਨੂੰ ਤੀਸਰੀ ਦੁਨੀਆਂ ਦਾ ਦੇਸ਼ ਬਣਾਇਆ ਗਿਆ ਹੈ । (ਇਸ ਪ੍ਰਕ੍ਰਿਆ ਦਾ ਇਤਿਹਾਸਕ ਪਰਿਪੇਖ ਆਜ਼ਾਦੀ ਤੋਂ ਬਾਅਦ ਨਹਿਰੂ ਮਾਡਲ ਦੀਆਂ ਨੀਤੀਆਂ ਵਿਚ ਪਿਆ ਹੈ) ਸੋ ਇਸ ਪ੍ਰਕਾਰ ਸਮੂਹਿਕ ਸਾਂਸਕ੍ਰਿਤਕ ਕਦਰਾਂ - ਕੀਮਤਾਂ ਅਤੇ ਸਾਹਿਤ ਵਰਗੀਆਂ ਨਿਰੋਲ ਮਨੁੱਖੀ ਸਿਰਜਨਾਤਮਕ ਕਲਾਵਾਂ ਨੂੰ ਬਚਾਉਣਾ ਅਤੇ ਉਨ੍ਹਾਂ ਰਾਂਹੀ ਸਭਿਆਚਾਰਕ ਗੋਰਵ ਦੀ ਪੁਨਰ ਪ੍ਰਾਪਤੀ ਦੀ ਕੋਸ਼ਿਸ਼ ਕਰਨਾ ਬਹੁਤ ਵੱਡੀ ਚੁਣੌਤੀ ਹੈ ।

ਪੰਜਾਬੀ ਕਵਿਤਾ ਵਿਚ ਉਪਰੋਕਤ ਵਰਣਿਤ ਵਰਤਾਰਿਆਂ ਦਾ ਪ੍ਰਵੇਸ਼ ਪੰਜਾਬੀ ਜਨ- ਸਮੂਹ ਵਲੋਂ ਮਨਾਏ ਜਾ ਰਹੇ ਪੂੰਜੀ ਦੇ ਸੈਲੀਬਰੇਸ਼ਨ ਅਤੇ ਸਮੂਹਿਕ ਸਭਿਆਚਾਰਕ ਵਿਲੱਖਣਤਾਵਾਂ ਦੇ ਵਿਖੰਡਨ ਦੇ ਪ੍ਰਤੀਰੋਧੀ ਸੁਰ ਰਾਂਹੀ ਹੁੰਦਾ ਹੈ। ਪੰਜਾਬੀ ਸਾਂਸਕ੍ਰਿਤਕ ਗੌਰਵ ਅਤੇ ਪੰਜਾਬੀ ਸਾਹਿਤ ਉੱਤੇ ਨਵ - ਬਸਤੀਵਾਦ ਦੇ ਪ੍ਰਭਾਵ ਪੰਜਾਬ ਸੰਕਟ ਤੋਂ ਪਹਿਲਾ ਹੀ ਪੈਣੇ ਸ਼ੁਰੂ ਹੋ ਜਾਂਦੇ ਹਨ । ਨਵ - ਬਸਤੀਵਾਦ ਦੇ ਪੰਜਾਬੀ ਕਵਿਤਾ ਉੱਤੇ ਪ੍ਰਭਾਵ ਬਾਰੇ ਵਿਸ਼ਲੇਸ਼ਣ ਕਰਦਿਆਂ ਡਾ. ਯੋਗਰਾਜ ਕਹਿੰਦੇ ਹਨ ਕਿ "ਪੰਜਾਬ ਸੰਕਟ ਤੋਂ ਫੌਰੀ ਬਾਅਦ , ਪੰਜਾਬੀ ਅਵਚੇਤਨ ਜਿੱਥੇ ਅਮਨ ਚੈਨ ਦੀ ਬਹਾਲੀ ਦਾ ਜਸ਼ਨ ਮਨਾਉਂਦਾ ਹੈ, ਉੱਥੇ ਠੀਕ ਇਸੇ ਸਮੇਂ ਪੰਜਾਬ ਵਿਸ਼ਵੀਕਰਨ ਦੇ ਉਪਭੋਗੀ ਸਭਿਆਚਾਰ ਦੀ ਗਰਿਫਤ ਵਿਚ ਵੀ ਆਉਂਦਾ ਹੈ।ਇਸ ਸਮੇਂ ਪੂੰਜੀ ਦਾ ਸਰੂਪ ,ਤਕਨਾਲੋਜੀ ਦੇ ਖੇਤਰ ਵਿਚ ਹੋਏ ਅਸੀਮ ਵਿਕਾਸ ਦਾ ਆਸਰਾ ਲੈ ਕੇ ਪੂਰੇ ਵਿਸ਼ਵ ਵਿਚ ਫੈਲਦਾ ਹੈ ਅਤੇ ਪੂੰਜੀ ਆਪਣੇ ਇਤਿਹਾਸ ਵਿਚ ਪਹਿਲੀ ਵਾਰ ਸਭਿਆਚਾਰਕ ਰੂਪਾਂਤਰਣ ਦਾ ਸੁਚੇਤ ਏਜੰਡਾ ਲੈ ਕੇ , ਡਿਜਨੀਕਰਨ ਦੀ ਪ੍ਰਕ੍ਰਿਆ ਨੂੰ ਨਵੀਆਂ , ਬੁਲੰਦੀਆਂ ਤੱਕ ਪੁੰਹਚਾ ਦਿੰਦੀ ਹੈ। ਇਸਦੇ ਸਿੱਟੇ ਵੱਜੋਂ ਵਿਸ਼ਵ ਭਰ ਵਿਚ ਆਤਮਕ ਰੂਪ ਵਿਚੋਂ ਇਕੋ ਜਿੰਨੇ ਖੋਖਲਾ , ਖਪਤਕਾਰੀ ਉੱਤਰ - ਆਧੁਨਿਕਤਾ ਦੇ ਆਗਮਨ ਨੂੰ ਭਾਂਵੇ ਵਿਸ਼ਵ - ਚਿੰਤਨ ਦੇ ਖੇਤਰ ਵਿਚ ਲਿਉਤਾਰਦ ( Lyotard) ਨੇ ਮੁਢਲੇ ਤੌਰ ਤੇ ਮਹਾਂ - ਬਿਰਤਾਂਤਾਂ ਦੇ ਨਿਸ਼ਚਤਾਵਾਦੀ ਅਤੇ ਅੰਤਿਮ ਸੱਚ ਦੇ ਭਰਮਾਂ ਤੋਂ ਮੁਕਤੀ ਦੇ ਪ੍ਰਵਚਨ ਨਾਲ ਜੋੜਦਿਆਂ , ਮਹਾਂ ਬਿਰਤਾਂਤਾਂ ਦੇ ਮੁਕਾਬਲੇ ਲਘੂ ਬਿਰਤਾਤਾਂ ਜਾਂ ਸਥਾਨਕ ਪਛਾਣਾਂ ਦੀ ਵਕਾਲਤ ਕੀਤੀ ਪਰ ਪੰਜਾਬੀ ਕਵਿਤਾ ਵਿਚ ਉੱਤਰ ਆਧੁਨਿਕਤਾ ਦਾ ਪ੍ਰਵੇਸ਼ ਅਜਿਹੀ ਦਾਰਸ਼ਨਿਕਤਾ ਦੇ ਨੁਕਤੇ ਤੋਂ ਨਹੀਂ ਸਗੋਂ ਵਿਸ਼ਵੀਕਰਨ ਦੀ ਉਪਭੋਗੀ ਬਿਰਤੀ ਦੀ ਸਵੀਕ੍ਰਿਤੀ ਦੇ ਵਿਰੋਧ ਰਾਂਹੀ ਹੰਦਾ ਹੈ ।"[3]

ਇਸ ਡੇਢ ਦਹਾਕੇ ਵਿਚ ਰਚੀ ਗਈ ਪੰਜਾਬੀ ਕਵਿਤਾ ਤੋਂ ਭਾਵ ਉਸ ਸੱਮੁਚੀ ਕਵਿਤਾ ਤੋਂ ਹੈ, ਜਿਸ ਵਿਚ ਪੰਜਾਬੀ ਮੱਨੁਖ ਦੁਆਰਾ ਕੀਤੇ ਜਾ ਰਹੇ ਪੂੰਜੀ ਦੇ ਸੈਲੀਬਰੇਸ਼ਨ ਦਾ ਪ੍ਰਤੀਰੋਧ ਸਿਰਜਿਆ ਗਿਆ ਹੈ, ਰਾਜਨੀਤਕ ਤੌਰ ਤੇ ਇਹ ਦੌਰ ਉਦਾਰਵਾਦੀ ਲੋਕਤੰਤਰ ਦੀਆਂ ਪੂੰਜੀ ਅਧਾਰਿਤ ਨੀਤੀਆਂ ਦਾ ਦੌਰ ਆਖਿਆ ਜਾ ਸਕਦਾ ਹੈ, ਕਿਉਂਕਿ ਇਸੇ ਸਮੇਂ ਅਖੌਤੀ ਭਾਰਤੀ ਲੌਕਤੰਤਰ ਵਲੋਂ ਪਬਲਿਕ ਸੈਕਟਰ ਦੀ ਥਾਂ ਕਾਰਪੋਰੇਟ ਜਗਤ ਨੂੰ ਨਿਵੇਸ਼ ਲਈ ਖੁੱਲੇ ਤੌਰ ਤੇ ਸਦਾ ਦਿੱਤਾ ਜਾਂਦਾ ਹੈ । ਜਿਸ ਨਾਲ ਸੰਚਾਰ ਦੇ ਸਾਧਨਾਂ ਦੀ ਵਰਤੋਂ ਦਾ ਪੱਧਰ ਅਤੇ ਜਨਤਕ ਮੀਡੀਆ ਦਾ ਨਿੱਜੀਕਰਨ ਮੰਡੀ ਦੇ ਪ੍ਰਸਾਰ ਦਾ ਮਧਿਅਮ ਬਣਦਾ ਹੈ । ਭਾਰਤ / ਪੰਜਾਬ ਵਿਚ ਖੇਤੀ ਦੀ ਅਵਿਵਸਥਿਤ ਵਿਵਸਥਾ ਅਤੇ ਅਵਸਥਾ ਕਾਰਨ ਜਿੱਥੇ ਨਿਮਨ ਕਿਸਾਨੀ , ਮੱਧਮ ਕਿਸਾਨੀ ਸੰਕਟ ਇਸ ਸਮੇਂ ਵਧੇਰੇ ਵਿਕਰਾਲ ਰੂਪ ਧਾਰਨ ਕਰਦਾ ਹੈ । ਇਸ ਸਭ ਵਰਤਾਰੇ ਵਿਚ ਜਿੱਥੇ ਪੂੰਜੀ ਦੁਆਰਾ ਸੰਚਾਲਿਤ ਸਭਿਆਚਾਰਕ ਸਮਰੂਪੀਕਰਨ ਦੀ ਪ੍ਰਕ੍ਰਿਆ ਦੇ ਬਾਵਜੂਦ ਜ਼ਾਤੀਗਤ ਸਮੀਕਰਨਾ ਦਾ ਪਾੜਾ ਵੱਧਦਾ ਹੈ, ਉਥੇ ਔਰਤ ਦੀ ਦੇਹ ਅਧਾਰਿਤ ਵਪਾਰੀਕਰਨ ਦਾ ਪੰਜਾਬੀ ਕਵਿਤਾ ਵਿਚ ਦੇਹਵਾਦੀ ਸਰੋਕਾਰਾਂ ਦੇ ਰੂਪ ਵਿਚ ਪੇਸ਼ਕਾਰੀ ਦਾ ਕਾਰਨ ਬਣਦੀ ਹੈ । ਉਪਰੋਕਤ ਵਰਣਿਤ ਵਾਤਾਵਰਨ ਦੇ ਸੰਦਰਭ ਵਿਚ ਪੰਜਾਬੀ ਕਵਿਤਾ ਦੀਆਂ ਬਹੁਮੁਖੀ ਜਟਿਲਤਾਵਾਂ , ਵਿਵਧਤਾਵਾਂ ਕਾਰਨ ਬਹੁ - ਪਾਸਾਰੀ ਮੁਹਾਂਦਰੇ ਵਾਲੀਆਂ ਕਾਵਿ ਪ੍ਰਵਿਰਤੀਆਂ ਸਾਹਮਣੇ ਆਉਂਦੀਆਂ ਹਨ, ਕਿਉਂਕਿ ਇਨ੍ਹਾਂ ਨਵ - ਨਿਰਮਿਤ ਪ੍ਰਸਿਥਤੀਆਂ ਵਿਚ ਨਵ - ਬਸਤੀਵਾਦ ਰਾਂਹੀ ਉੱਤਰ ਪੂੰਜੀਵਾਦੀ ਵਰਤਾਰੇ ਅਤੇ ਰਾਜਨੀਤਕ- ਅਰਥਚਾਰੇ ਅਧਾਰਿਤ ਲੋਕਤੰਤਰ ਨੇ ਭਾਰਤੀ / ਪੰਜਾਬੀ ਮੱਨੁਖ ਨੂੰ ਅਜਿਹੀ ਸਾਮਰਾਜੀ ਸੱਤਾ ਵਿੱਰੁਧ ਕੋਈ ਸਾਂਝਾ ਪ੍ਰਵਚਨ ਜਾਂ ਮੋਰਚਾ ਸਿਰਜਨ ਤੋਂ ਵਾਂਝਿਆ ਕੀਤਾ ਹੈ । ਜਿਸ ਨਾਲ ਅਜੋਕੀ ਪੰਜਾਬੀ ਕਵਿਤਾ ਦਾ ਮੁਹਾਂਦਰਾ ਨਿਸ਼ਚੈ ਹੀ ਬਹੁ- ਪਾਸਾਰੀ ਹੋ ਨਿਬੜਦਾ ਹੈ। ਇਨ੍ਹਾਂ ਉਪਰੋਕਤ ਵਰਣਿਤ ਸਥਿਤੀਆਂ ਦੇ ਸੰਦਰਭ ਵਿਚ ਪੰਜਾਬੀ ਕਵਿਤਾ ਸੰਬੰਧੀ ਡਾ. ਸੁਖਦੇਵ ਸਿੰਘ ਦੀ ਪੰਜਾਬੀ ਕਾਵਿ : ਦ੍ਰਿਸ਼ਟੀ ਪ੍ਰਤੀ ਦ੍ਰਿਸ਼ਟੀ ਲੇਖ ਵਿਚਲੀ ਟਿੱਪਣੀ ਵੇਖੀ ਜਾ ਸਕਦੀ ਹੈ। "ਤਕਨੀਕੀ ਵਿਕਾਸ ਅਤੇ ਨਵ - ਸਾਮਰਾਜੀ ਆਰਥਿਕਤਾ ਨੇ ਵਿਸ਼ਵ ਦੀ ਰਾਜਸੀ ਅਤੇ ਸਮਾਜ ਸਭਿਆਚਾਰਕ ਸਥਿਤੀ ਨੇ ਨਾਲ ਨਾਲ ਨੈਤਿਕ ਮੁੱਲ ਵਿਧਾਨ ਨੂੰ ਬੇਹਦ ਪ੍ਰਭਾਵਿਤ ਕੀਤਾ ਹੈ।

ਅਜੋਕੀ ਸਥਿਤੀ ਏਨੀ ਜਟਿਲ , ਭਰਮਾਉ ਤਿਲਕਵੀਂ ਅਤੇ ਪ੍ਰਭਾਵਿਤ ਵਿਚਾਰਧਾਰਕ ਭੰਬਲਭੂਸੇ ਵਾਲੀ ਹੈ ਕਿ ਸਭ ਵਿਸ਼ਵਾਸ , ਕਦਰਾਂ -ਕੀਮਤਾਂ ਅਤੇ ਮਿੱਥਾਂ ਤਿੜਕ ਰਹੀਆਂ ਹਨ। ਦੁਨੀਆਂ ਦੇ ਬਦਲੇ ਅਤੇ ਤੇਜ਼ ਗਤੀ ਨਾਲ ਬਦਲ ਰਹੇ ਪਸਮੰਜਰ ਬਾਰੇ ਪੰਜਾਬੀ ਕਵੀਆਂ ਦਾ ਰਚਨਾਤਿਮਕ ਹੁੰਗਾਰਾ ਕਿਸ ਤ੍ਰਾਂ ਦਾ ਹੈ । ਇਹ ਪ੍ਰਸ਼ਨ ਕਈ ਗੱਲਾਂ ਕਰਕੇ ਦਿਲਚਸਪ ਮੱਸਲਾ ਹੈ ,ਪਹਿਲਾ ਇਸ ਕਰਕੇ ਕਿ ਤੀਜ਼ੀ ਦੁਨੀਆਂ ਦੇ ਰਚਨਾਕਾਰ ਆਪਣੀ ਹੋਣੀ ਬਾਰੇ ਕਿੰਨੇ ਕੁ ਸੁਚੇਤ ਹਨ ? ਦੂਜਾ ਇਸ ਕਰਕੇ ਕਿ ਪੰਜਾਬੀ ਭਾਈਚਾਰਾ ਵਧੇਰੇ ਗਤੀਸ਼ੀਲ , ਉਦਾਰਵਾਦੀ ਅਤੇ ਉਦਾਸੀ ਹੋਣ ਕਰਕੇ ਵਿਸ਼ਵ ਦੇ ਕਈ ਖਿੱਤਿਆਂ ਵਿਚ ਵੱਸਿਆ ਹੋਇਆ ਹੈ । ਉਸ ਦੇ ਰਚਨਾਤਮਕ ਸਾਹਮਣੇ ਨਵੀਆਂ ਇਨ੍ਹਾਂ ਪ੍ਰਸਥਿਤੀਆਂ ਦੇ ਕਿਹੋ ਜਿਹੇ ਅਨੁਭਵ ਅਤੇ ਵੰਗਾਰਾਂ ਹਨ।"[4] ਸਮੁਚੀਆਂ ਪ੍ਰਸਿਥਤੀਆਂ ਬਾਰੇ ਇਸ ਡੇਢ ਦਹਾਕੇ ਦੀ ਪੰਜਾਬੀ ਕਵਿਤਾ ਵਿਚ ਕਿਸ ਪ੍ਰਕਾਰ ਦੇ ਕੇਂਦਰ ਬਿੰਦੂਆਂ ਅਧੀਨ ਕਾਵਿ - ਬੋਧ ਪ੍ਰਗਟ ਹੋ ਰਿਹਾ ਹੈ , ਇਹ ਵੇਖਣਾ ਜ਼ਰੂਰੀ ਹੈ।

1 ਪੂੰਜੀਵਾਦ ,ਉੱਤਰ ਪੂੰਜੀਵਾਦ ਦੇ ਸਾਮਰਾਜੀ ਵਰਤਾਰੇ ਪ੍ਰਤੀ ਪ੍ਰਤੀਰੋਧੀ ਪ੍ਰਵਚਨ ਵਾਲਾ ਕਾਵਿਕ -ਬੋਧ ।

2 ਸਭਿਆਚਾਰਕ ਰਹਿਤਲ ,ਪਰਿਵਾਰਕ ਟੁੱਟ-ਭੱਜ ਅਤੇ ਕਿਸਾਨੀ ਸੰਕਟ ਤੋਂ ਪੈਦਾ ਹੋਇਆ ਕਾਵਿਕ ਬੋਧ ।

3 ਦੇਹਵਾਦੀ ਸਰੋਕਾਰ,ਅਤੇ ਦੇਹਵਾਦੀ ਸਰੋਕਾਰਾਂ ਦੇ ਪ੍ਰਤੀਰੋਧ ਵਾਲਾ ਕਾਵਿ ।

4 ਨਾਰੀ ਸੰਵੇਦਨਾ, ਨਾਰੀਵਾਦੀ ਬੋਧ,ਉੱਤਰ -ਨਾਰੀਵਾਦੀ ਪ੍ਰਸਿਥਤੀਆਂ ਵਾਲਾ ਕਾਵਿ ਰੂਪਾਂਤਰਣ ।

5 ਦਲਿਤ ਚੇਤਨਾ ਦੇ ਵਿਭਿੰਨ ਸੰਕਲਪਾਂ ਦਾ ਕਾਵਿਕ-ਰੂਪਾਂਤਰਣ(ਮਾਰਕਸਵਾਦੀ ਅਤੇ ਅੰਬੇਡਕਰਵਾਦੀ ਵਿਚਾਰਧਾਰਾ ਦੇ ਪ੍ਰਸੰਗ ਵਿਚ)

6 ਡਾਇਸਪੋਰਿਕ ਦੰਵਦਾਂ ਅਤੇ ਪਾਰ -ਰਾਸ਼ਟਰੀ ਸਰੋਕਾਰਾਂ ਰਾਹੀਂ ਮਾਨਵੀਂ ਮੁੱਲਾਂ ਦੀ ਨਿਸ਼ਾਨਦੇਹੀ ।

ਇਸ ਡੇਢ ਦਹਾਕੇ ਵਿਚ ਨਿਰਸੰਦੇਹ ਪੂੰਜੀ ਨੇ ਬਾਜ਼ਾਰ ਵਸਤੂਆਂ ਰਾਹੀਂ ਮੱਨੁਖੀ ਮਾਨਸਿਕਤਾ ਨੂੰ ਉਪਭੋਗੀ ਬਣਾਇਆ ਹੈ, ਜਿਸ ਕਰਕੇ ਅਜੋਕਾ ਗਿਆਨ ਸ਼ਾਸਤਰ , ਤਕਨੀਕੀ ਵਿਕਾਸ , ਮੱਨੁਖ ਦੀ ਬੋਧਿਕ ਸੱਮਰਥਾ ਸਭ ਕੁਝ ਪੂੰਜੀ ਦੀਆਂ ਉੱਤਰ - ਆਧੁਨਿਕੀ ਸਥਿਤੀਆਂ ਅਨੁਸਾਰ ਚੱਲ ਰਹੇ ਹਨ। ਮੰਡੀ ਦੀ ਸਿਆਸਤ ਨੇ ਜਿੱਥੇ ਸਮਕਾਲੀ ਮੱਨੁਖ ਤੋਂ ਸੁਨਿਹਰੇ ਭਵਿੱਖ ਦਾ ਸੁਪਨਾ ਖੋਇਆ ਹੈ ਉੱਥੇ ਹਰ ਮੱਨੁਖ ਘਰ , ਪਰਿਵਾਰ , ਪੰਰਪਰਿਕ ਰਿਸ਼ਤਿਆਂ ਦੇ ਉਪਭੋਗ ਦੀ ਲਾਲਸਾ ਉਸਨੂੰ ਬੇਅਰਾਮ ਕਰਦੀ ਹੈ । ਪਰਿਵਾਰਕ ਰਿਸ਼ਤਿਆਂ ਤੋਂ ਟੁੱਟਿਆ ਮੱਨੁਖ ਅਤੇ ਬਾਜ਼ਾਰੂ ਰਿਸ਼ਤਿਆਂ ਦਾ ਉਪਭੋਗ ਕਰਦਾ ਜਿੱਥੇ ਵਧੇਰੇ ਮਾਨਿਸਕ ਸੰਤਾਪ ਹੰਡਾਉਂਦਾ ਹੈ ਉੱਥੇ ਅਜੋਕਾ ਮੱਨੁਖ ਸਮੂਹਿਕ ਸੰਸਕ੍ਰਿਤੀ ਸਾਂਸਕ੍ਰਿਤਕ ਕਦਰਾਂ - ਕੀਮਤਾਂ ਨਾਲੋਂ ਟੁੱਟ ਕੇ ਛਿਣਭੰਗੁਰ ਅਤੇ ਬਾਜ਼ਾਰੂ ਉਪਭੋਗੀ ਸੰਸਕ੍ਰਿਤੀ ਦੀ ਜਕੜ ਵਿਚ ਬੁਰੀ ਤਰ੍ਹਾਂ ਗ੍ਰਸਿਆ ਹੋਇਆ ਹੈ। ਇਸ ਸਭ ਵਰਤਾਰੇ ਪ੍ਰਤੀ 21ਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਸੁੱਚੇਤ ਵਿਰੋਧ ਅਤੇ ਸਵੈ- ਨਿਰਭਰ ਸੱਭਿਅਤਾ ਦੇ ਗੋਰਵ ਦੀ ਪੁਨਰ - ਸਿਰਜਨਾ ਵੱਲ ਵੀ ਰੁਚਿਤ ਹੁੰਦੇ ਹਨ । ਪਰੰਤੂ ਪੂੰਜੀਵਾਦ ਜਾਂ ਨਵ- ਬਸਤੀਵਾਦ ਕਾਰਨ ਪੰਜਾਬੀ ਸਾਂਸਕ੍ਰਿਤਕ ਕਦਰਾਂ- ਕੀਮਤਾਂ , ਕੁਦਰਤੀ ਵਰਤਾਰਿਆਂ ਅਧਾਰਿਤ ਸਵੈ - ਨਿਰਭਰ ਜਾਂ ਖੁਦਮੁਖਤਿਆਰ ਸੱਭਿਅਤਾ ਨੂੰ ਲੱਗ ਚੁੱਕਿਆ ਖੋਰਾ ਇਸ ਕਵਿਤਾ ਵਿਚ ਗੰਭੀਰ ਚਿੰਤਨ ਵਿਚ ਰੂਪਾਂਤਰਿਤ ਹੋ ਕੇ ਸੁਚੇਤ ਪੱਧਰ ਤੇ ਪੇਸ਼ ਹੰਦਾ ਹੈ ।

1 ਖ਼ੂਬ ਹੈ ਅੰਦਾਜ਼ ਉਨ੍ਹਾਂ ਦਾ ਅਮੀਰੀ ਦੇਣ ਦਾ
ਕਰਦ ਸੋਨੇ ਦੀ ਟਿਕਾ ਗਏ ਆਂਦਰਾਂ ਦੇ ਨਾਲ-ਨਾਲ [5]

2 ਬਿਰਤੀ ਜਿਹੀ ਬਿਖੇਰਦਾ, ਲੱਗੀ ਟੇਕ ਉਖੇੜਦਾ,
ਸੁਰਤ ਭੁਲਾਈ ਜਾਂਵਦਾ , ਅੱਖੀ ਘੱਟਾ ਪਾਂਵਦਾ
ਕੱਪੜ ਲੀੜ ਉਡਾਂਵਦਾ , ਝੱਖੜ ਆਇਆ ਲਾਂਭਦਾ
ਮੈਂ ਤਾਂ ਸਭ ਕੁਝ ਸਾਂਭਦਾ, ਯਾਰੋ ਝੱਲਾ ਹੋ ਗਿਆ ।[6]

3 ਸਫ਼ਰ ਕਿੰਨਾ ਵਚਿਤਰ ਸੀ, ਕਿ ਜਿਸ ਤੇ ਚਲਦਿਆ ਹੋਇਆਂ
ਮੁਸਾਫ਼ਿਰ ਪੈਰ ਭੁਲ ਆਏ , ਪਰਿੰਦੇ ਪਰ ਗੁਆ ਆਏ
ਸਿਰਾਂ ਤੇ ਕਿਸ਼ਤੀਆਂ ਧਰ ਕੇ , ਮਲਾਹਾਂ ਨੂੰ ਪਿਆ ਮੁੜਨਾ [7]

4 ਪਿੰਡ ਨਹੀਂ ਵਿਕ ਰਿਹਾ
ਪਿੰਡ ਦੇ ਬਹਾਨੇ ਮੇਰੇ ਪੁਰਖੇ ਵਿਕ ਰਹੇ ਹਨ,
ਪੁਰਿਖਆਂ ਬਹਾਨੇ ਮੇਰੇ ਸੰਸਕਾਰ ਵਿਕ ਰਹੇ ਹਨ,
ਮੇਰੇ ਪਿਤਰਾਂ ਦੇ ਪਰਿਵਾਰ ਵਿਕ ਰਹੇ ਹਨ ।[8]

5 ਮੰਚ ਤੋਂ ਇਹ ਕਿਹੋ ਜਿਹਾ
ਨਾਟਕ ਦਿਖਾਇਆ ਜਾ ਰਿਹਾ
ਜ਼ਖਮ ਦਾ ਕਿਰਦਾਰ
ਖੰਜਰ ਤੋਂ ਨਿਭਾਇਆ ਜਾ ਰਿਹਾ ।[9]

6 ਛਿੜੇ ਜਦ ਕੰਬਣੀ ਖਾਬਾਂ 'ਚ ਉਸ ਵੇਲੇ ਸਮਝ ਆਂਓਦਾ
ਕਿ ਪਾਲਾ ਸਿਰਫ ਖੁੱਲੀਆਂ ਬਾਰੀਆਂ ਵਿਚ ਹੀ ਨਹੀਂ ਲੱਗਦਾ [10]

ਭਾਰਤੀ/ਪੰਜਾਬੀ ਜਨ- ਸਮੂਹ ਸਦੀਆਂ ਤੋਂ ਖੇਤੀ ਅਧਾਰਿਤ ਆਰਥਿਕ ਵਸੀਲਿਆਂ ਉੱਤੇ ਨਿਰਭਰ ਸੀ, ਉਦੋਗੀਕਰਨ ਦੇ ਆਉਣ ਨਾਲ ਪੰਜਾਬ ਦੀ ਖੇਤੀ ਅਧਾਰਿਤ ਅਰਥ ਵਿਵਸਥਾ ਨੂੰ ਡੂੰਘੀ ਸੱਟ ਵੱਜਦੀ ਹੈ। ਵਿਵਸਥਿਤ ਖੇਤੀ ਦੇ ਸੰਸਾਧਨਾਂ ਦੀ ਘਾਟ ਅਤੇ ਰਸਾਇਣ ਪਦਾਰਥਾਂ ਦੀ ਵਰਤੋਂ ਨਾਲ ਵੱਧੀ ਹੋਈ ਪੈਦਾਵਾਰ ਨਾਲ ਜਿੱਥੇ ਧਨੀ ਕਿਸਾਨੀ ਨੂੰ ਫਾਇਦਾ ਹੋਇਆ ਹੈ, ਉੱਥੇ ਇਸਨੇ ਨਿਮਨ ਅਤੇ ਮਧਮ ਕਿਸਾਨੀ ਨੂੰ ਲਗਭਗ ਸਮਾਪਤ ਕੀਤਾ ਹੈ । 21ਵੀਂ ਸਦੀ ਦੇ ਪੰਜਾਬੀ ਕਵੀਆਂ ਵਲੋਂ ਇਸ ਸੱਮੁਚੇ ਵਰਤਾਰੇ ਪ੍ਰਤੀ ਜਿੱਥੇ ਚਿੰਤਨਸ਼ੀਲ ਸੁਰ ਵਿਚ ਕਾਵਿ - ਅਭਿਵਿਅਕਤੀ ਕੀਤੀ ਗਈ ਹੈ , ਉੱਥੇ ਇਸ ਵਿਚ ਘੋਰ ਨਿਰਾਸ਼ਾ ਦੇ ਸਮੇਂ ਵਿਚ ਭਾਰਤੀ ਪੰਜਾਬੀ ਸਭਿਆਚਾਰ ਦੇ ਸਮੂਹਿਕ ਸੰਘਰਸ਼ ਦੇ ਆਸ਼ਾਵਾਦੀ ਅਵਚੇਤਨ ਦੀ ਪੇਸ਼ਕਾਰੀ ਕਰਕੇ ਭਵਿੱਖ ਮੁਖੀ ਚੇਤੰਨਤਾ ਦਾ ਪ੍ਰਮਾਣ ਵੀ ਦਿੱਤਾ ਗਿਆ ਹੈ । ਇਸ ਡੇਢ ਦਹਾਕੇ ਦੋਰਾਨ ਭਾਰਤੀ ਆਰਥਿਕ ਵਾਧਾ ਅਤੇ ਸਮਾਜਿਕ ਵਿਕਾਸ ਗੰਭੀਰ ਅੰਤਰ ਵਿਰੋਧ ਦਾ ਸ਼ਿਕਾਰ ਹੈ ਡਾ. ਸਰਬਜੀਤ ਸਿੰਘ ਦੇ ਸ਼ਬਦਾ ਵਿਚ "ਭਾਰਤੀ ਸਰਮਾਏਦਾਰੀ ਨਿਰੰਤਰ ਆਰਿਥਕ ਵਾਧੇ (Ecnomic Growth ) ਅਤੇ ਵਿਕਾਸ (Development) ਦਾ ਬੇਥਾਹ ਪ੍ਰਚਾਰ ਕਰ ਰਹੀ ਹੈ। ਵਿਡੰਬਨਾ ਇਹ ਹੈ ਕਿ ਜੇਕਰ

ਬਾਜ਼ਾਰ ਜਾਂ ਸੈਨਸੇਕ ਵਿਚ ਹਿੱਲਜੁਲ ਹੰਦੀ ਹੈ ਤਾਂ ਤੁਰੰਤ ਵਿੱਤ ਮੰਤਰਾਲਾ ਨਵੀਆਂ ਰਿਆਇਤਾ ਦਾ ਰਾਹ ਤਲਾਸ਼ਣ ਲੱਗਦਾ ਹੈ ਪਰੰਤੂ ਕਿਸਾਨਾਂ ਦੀ ਖੁਦਕੁਸ਼ੀ ( ਜੋ 1.5 ਲੱਖ ਤੋਂ ਜ਼ਿਆਦਾ ਹੈ ) ਕਬੀਲਾਈ ਅਤੇ ਜਨਜਾਤੀਆਂ ਦਾ ਉਜਾੜਾ , ਖੇਤ ਮਜ਼ਦੂਰ ਅਤੇ ਸ਼ਿਲਪਕਾਰ ਦੀ ਤੰਗਦਸਤੀ ਬਾਰੇ ਕੋਈ ਵੀ ਪ੍ਰੋਗਰਾਮ ਨਹੀਂ ਹੈ । ਕਰੂਰ ਯਥਾਰਥ ਇਹ ਹੈ ਕਿ ਭਾਰਤੀ ਆਰਥਿਕ ਵਾਧਾ ਅਤੇ ਸਮਾਜਿਕ ਵਿਕਾਸ ਦੋਵੇਂ ਵਿਰੋਧੀ ਦਿਸ਼ਾਵਾਂ ਵੱਲ ਚੱਲ ਰਹੇ ਹਨ ।"[11]। ਇਸ ਪ੍ਰਕਾਰ ਭਾਰਤੀ ਵਰਤਾਰੇ ਅਤੇ ਪੰਰਪੰਰਾਗਤ ਆਰਥਿਕ ਵਸੀਲਿਆਂ ਦੇ ਖਤਮ ਹੋਣ ਨਾਲ ਜਨ – ਸਮੂਹ ਦੀ ਪੱਧਰ ਤੇ ਜੋ ਕਿ ਉਪਰੋਕਤ ਵਰਣਿਤ ਵਰਤਾਰੇ ਦੀ ਪ੍ਰਕ੍ਰਿਆ ਕਰਕੇ ਖੰਡਿਤ ਸਮਾਜ ਅਤੇ ਖੰਡਿਤ ਮੱਨੁਖੀ ਵਿਅਕਤੀਤਵ ਦਾ ਜਨਮ ਹੋਇਆਹੈ । ਅਜੋਕਾ ਮੱਨੁਖ ਬਾਜ਼ਾਰੂ ਵਸਤੂਆਂ ਦਾ ਉਪਭੋਗ ਕਰਦਾ ਕਰਦਾ ਰਿਸ਼ਤਿਆਂ ਪ੍ਰਤੀ ਵੀ ਉਪਭੋਗੀ ਬਿਰਤੀ ਦਾ ਧਾਰਨੀ ਬਣਿਆ ਹੈ ।

ਅਜੋਕੀ ਪੰਜਾਬੀ ਕਵਿਤਾ ਵਿਚ ਅਜਿਹੀਆਂ ਰੁਚੀਆਂ ਪ੍ਰਤੀ ਪੰਜਾਬੀ ਸਭਿਆਚਾਰਕ ਅਵਚੇਤਨ ਵਿਚਲੇ ਸੰਤੋਖ ਨੂੰ ਅਜੋਕੇ ਉਪਭੋਗੀ ਸਭਿਆਚਾਰ ਉਤੇ ਤਿੱਖੇ ਵਿਅਗ ਦੀ ਕਾਵਿਕ ਜੁਗਤ ਵਜੋਂ ਵਰਤਿਆ ਗਿਆ ਹੈ, ਜਿਸ ਨਾਲ 21ਵੀਂ ਸੱਦੀ ਦੀ ਪੰਜਾਬੀ ਕਵਿਤਾ ਵਿਚ ਸਵੈ – ਵਿਸ਼ਲੇਸ਼ਣੀ ਜਾਂ ਮਣੋਵਿਸ਼ਲੇਸ਼ਣੀ ਪਾਸਾਰਾਂ ਵਾਲੀ ਕਾਵਿਕ ਟੈਕਸਟ ਹੋਂਦ ਵਿਚ ਆਈ ਹੈ । ਡਾ. ਯੋਗਰਾਜ ਦਾ ਕਥਨ ਹੈ ਕਿ "ਅੱਤ ਦੇ ਉਪਭੋਗਤਾਵਾਦ ਨੇ ਸਾਂਸਕ੍ਰਿਤਕ ਰਿਸ਼ਤਿਆਂ ਦੀ ਵਿਆਕਰਣ ਤੇ ਅਜਿਹਾ ਅਸਰ ਕੀਤਾ ਹੈ ਉਸ ਬਾਰੇ ਨਵੀਂ ਕਵਿਤਾ ਵਿਚ ਦੋ ਤਰ੍ਹਾਂ ਦੇ ਰੁਝਾਨ ਦੇਖੇ ਜਾ ਸਕਦੇ ਹਨ ਇਕ ਰੁਝਾਨ ਤਾਂ ਸਾਂਸਕ੍ਰਿਤਕ ਰਿਸ਼ਤਿਆਂ ਦੀ ਵਿਆਕਰਨ ਨੂੰ ਨਾਕਾਰ ਕੇ ਉਸ ਦੇ ਉਪਭੋਗੀ ਸੰਸਕ੍ਰਿਤੀ ਨੂੰ ਸਵੀਕ੍ਰਿਤੀ ਦਿੰਦਾ ਹੈ, ਅਸਲ ਵਿਚ ਇਹ ਰੁਝਾਨ ਰਿਸ਼ਤਿਆਂ ਦੇ ਸਾਂਸਕ੍ਰਿਤਕ ਫਰੇਮ ਤੋਂ ਬਾਹਰ ਜਾਣ ਦੀ ਲੋਰ ਜਾਂ ਨਾਹਰੇ ਦੀ ਆੜ ਵਿਚ ਉਸ ਸੋਚ ਪ੍ਰਤੀ ਚਕਾਂਚੋਧ ਹੈ ਜਿਸ ਵਿਚ ਸਕੈਸ ਸੁਹਜ ਵਿਚ ਰੁਪਾਂਤਰਿਤ ਹੋਣ ਦੀ ਬਜਾਏ ਜੈਵਿਕ / ਪਾਸ਼ਵਿਕ ਅਰਥ ਗ੍ਰਹਿਣ ਕਰ ਜਾਂਦਾ ਹੈ। ਦੂਜਾ ਰੁਝਾਨ ਇਸ ਬਣ ਰਹੀ ਵਾਸਤਵਿਕਤਾ ਨੂੰ ਵਿਅੰਗ ਅਤੇ ਵਿਖੰਡਨ ਰਾਂਹੀ ਵਿਸਥਾਪਿਤ ਕਰਨ ਦਾ ਹੈ ; ਜੇ ਦੇਖਿਆ ਜਾਵੇ ਤਾਂ ਘਰ ਪਰਿਵਾਰ ਹੀ ਤਾਂ ਉਹ ਮੂਲ ਸੰਸਥਾਵਾਂ ਹਨ ਜ੍ਹਿਨਾਂ ਦੁਆਲੇ ਸਾਂਸਕ੍ਰਿਤਕ ਸੰਰਚਨਾਵਾਂ ਅਤੇ ਸੰਸਥਾਵਾਂ ਹੋਂਦ ਗ੍ਰਹਿਣ ਕਰਦੀਆਂ ਹਨ। ਜੇਕਰ ਅਜਿਹੇ ਮੂਲ ਸਰੋਕਾਰ ਪੰਜਾਬੀ ਵਿਚ ਪੇਸ਼ ਹੋਏ ਹਨ ਤਾਂ ਇਹ ਕਵਿਤਾ ਦਾ ਹਾਸਿਲ ਹੈ – ਪ੍ਰਤੀਗਾਮੀ ਰੁਝਾਨ ਨਹੀਂ । ਘਰ , ਪਰਿਵਾਰ ਨਾਲ ਸੰਬੰਧਿਤ ਅਨੇਕਾਂ ਵੇਰਵੇ ਅਤੇ ਵਿਸਥਾਰ ਪੰਜਾਬੀ ਦਾ ਥੀਮ ਬਣੇ ਰਹੇ ਹਨ ਪਰ ਕੁਝ ਪੰਜਾਬੀ ਕਵੀਆਂ ਨੇ ਇਨ੍ਹਾਂ ਵੇਰਵਿਆਂ ਨੂੰ ਗੋਲਣਯੋਗ ਬਣਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ । "[12]

ਅਜੋਕੇ ਉਤਰ – ਆਧੁਨਿਕੀ ਸਮਾਜ ਵਿਚ ਪੂੰਜੀ ਦੇ ਵਸਤੂ ਵਰਤਾਰੇ ਅਧੀਨ ਮੱਨੁਖ ਕੋਲ ਚਕਾਚੌਂਧ ਕਰਨ ਵਾਲੀਆਂ ਪਦਾਰਥਗਤ ਭਾਵਨਾਵਾਂ ਹਨ, ਕਿਓਂਕਿ ਸਮਕਾਲੀ ਦੌਰ ਵਿਚ ਪਦਾਰਥਕ ਸਭਿਆਚਾਰ ਨੇ ਤੇਜ਼ੀ ਨਾਲ ਵਿਕਾਸ ਹੀ ਨਹੀਂ ਕੀਤਾ ਬਲਕਿ ਇਹ ਹਰ ਪਲ ਬਦਲਣ ਵਾਲੀ ਵਸਤੂ ਸਮੱਗਰੀ ਬਣ ਗਿਆ ਹੈ । ਅਜਿਹੇ ਪਰਿਵੇਸ਼ ਵਿਚ ਪੰਜਾਬੀ ਮਨੁੱਖ ਆਪਣੀ ਮੂਲ ਰਹਿਤਲ ਨਾਲੋਂ ਵਿਛੁੰਨਿਆਂ ਗਿਆ ਹੈ , ਜਿਸ ਕਰਕੇ ਉਸ ਦਾ ਅਮਨ ਚੈਨ ਗੁਆਚ ਚੁੱਕਾ ਹੈ । ਸਵੈ ਕਟਾਖਸ਼ , ਮਨੋਵਿਸ਼ਲੇਸ਼ਣੀ ਵਿਧੀ ਰਾਂਹੀ ਅਜਿਹੇ ਖੰਡਿਤ ਮੱਨੁਖੀ ਸਮਾਜ ਦੀ ਸੰਤਾਪਗ੍ਰਸਤ ਅਵਸਥਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ।ਜਿਵੇਂ ਕਿ :

1 ਮੇਰੇ ਅੰਦਰ ਆਵਾਜ਼ਾਂ ਤਾਂ ਹਨ ਬੇਪਨਗਹ,
ਮੇਰੇ ਮੱਥੇ 'ਚ ਪਰ ਅਕਲ ਦਾ ਤਾਨਾਸ਼ਾਹ ,
ਪਰਤ ਉੱਤਰੀ ਤਾਂ ਮੈਂ ਕਾਮ ਮੋਹ ਲੋਭ ਸਾਂ ,
ਹੋਰ ਉਤਰੀ ਤਾਂ ਜਲ ਖ਼ਾਕ ਅੱਗ ਪੌਣ ਸਾਂ ,
ਇਸ ਤੋਂ ਪਹਿਲਾਂ ਕਿ ਲਗਦਾ ਪਤਾ ਕੋਣ ਹਾਂ ,
ਹੋ ਗਿਆ ਹੋਂਦ ਆਪਣੀ ਤੋਂ ਹੀ ਸੁਰਖਰੂ ।[13]

2 ਮੇਰੇ ਕੋਲ ਕੋਈ ਮੌਲਿਕ ਸੁਪਨਾ ਨਹੀਂ ਹੈ
ਇਸ ਲਈ ਉਹ ਹੀ ਗੱਲਾਂ ਦੁਹਰਾ ਰਿਹਾ ਹਾਂ
ਦੁਹਰਾ ਨਹੀਂ ਰਿਹਾ
ਵਾਰ – ਵਾਰ ਕਰ ਰਿਹਾ ਹਾਂ
ਕਿਸੇ ਨਵੇਂ ਸੁਪਨੇ ਦੇ ਲਈ
ਕੋਈ ਜਗ੍ਹਾ ਨਹੀਂ ਏਥੇ
ਇਹ ਉਸੇ ਸੁਪਨੇ ਦੀ ਜੰਮਣ ਕਿਰਿਆ ਹੈ
ਬਸ ਜ਼ਰਾ ਲੰਮੀ ਹੋ ਗਈ ਹੈ ।[14]

ਇਸ ਪ੍ਰਕਾਰ ਇਨ੍ਹਾਂ ਪ੍ਰਸਿਥਤੀਆਂ ਵਿਚ ਭਾਰਤੀ / ਪੰਜਾਬੀ ਮੱਨੁਖ ਨਿਰਸੰਦੇਹ ਭੰਬਲਭੂਸੇ ਵਾਲੀ ਸਥਿਤੀ ਵਿਚ ਫਸਿਆ ਹੈ। ਕਿਉਂਕਿ ਉਸ ਕੋਲੋਂ ਗਿਆਨ ਦੇ ਸਾਂਝੇ ਸ਼ਾਸਤਰ ਖੋਹੇ ਜਾ ਚੁੱਕੇ ਹਨ। ਉੱਤਰ ਪੰਜੀਵਾਦ ਨੇ ਨਵ – ਬਸਤੀਵਾਦ ਰਾਂਹੀ ਇਹ ਬਹੁਤ ਮਹੀਨ ਚਾਲ ਚੱਲੀ ਹੈ ਕਿ ਸਮੂਹ ਸਥਾਨਕ ਸੱਭਿਆਚਾਰਾਂ ਅਤੇ ਮਾਨਵੀ ਸਿਰਜਨਾਵਾਂ ਨੂੰ ਉਨ੍ਹਾਂ ਦੇ ਮੂਲ ਨਾਲੋਂ ਵੱਖ ਕੀਤਾ ਜਾਵੇ ਤਾਂ ਜੋ ਉਹ ਇਸ ਸਾਮਰਾਜੀ ਪ੍ਰਵਿਰਤੀ ਵਿਰੁਧ ਕੋਈ ਸਾਂਝਾ ਪ੍ਰਤੀਰੋਧ ਨਾ ਸਿਰਜ ਸਕੇ । ਵਿਸ਼ਵ ਪੱਧਰੀ 'ਤੇ ਪੂੰਜੀ ਦੇ ਫੈਲਾਅ ਨੇ ਪੰਜਾਬੀ ਪ੍ਰਸੰਗ ਵਿਚ ਉਪਭੋਗੀ ਬਿਰਤੀਆਂ ਪੈਦਾ ਕਰਕੇ ਮੂੰਹ ਜ਼ੋਰ ਵਿਅਕਤੀਮੂਲਕਤਾ ਨੂੰ ਜਨਮ ਦਿੱਤਾ ਹੈ। ਅਜੋਕਾ ਮੱਨੁਖ ਸਾਂਸਕ੍ਰਿਤਕ ਰਿਸ਼ਤਿਆਂ ਦੀਆਂ ਵੱਲਗਣਾ ਤੋੜ ਕੇ ਬਾਜ਼ਾਰੂ ਰੁਚੀਆਂ ਵੱਲ ਵੱਧਿਆ ਹੈ। ਇਹ ਕਵਿਤਾ ਕਿਤੇ ਨਾ ਕਿਤੇ ਮੱਨੁਖ ਦੀ ਖੁੱਲ੍ਹ ਮਾਨਣ ਦੀ ਮੂੰਹ ਜ਼ੋਰ ਇਛਾ ਨੂੰ ਵੀ ਆਪਣੀ ਰਚਨਾਤਮਕ ਅਭਿਵਿਅਕਤੀ ਦਾ ਸਾਧਾਨ

ਬਣਾਉਂਦੀ ਹੈ । ਅਜੋਕੇ ਖਪਤਕਾਰੀ ਰੁਚੀਆਂ ਦਾ ਧਾਰਨੀ ਅਤੇ ਨਿਰੋਲ ਮਕਾਨਕੀ (knowledge Industry) ਉੱਤੇ ਅਧਾਰਿਤ ਗਿਆਨ ਕਾਰਨ ਮੱਨੁਖ ਦੀਆਂ ਇਛਾਵਾਂ ਨਿਸ਼ਚੈ ਹੀ ਭਦਰਤੀ / ਪੰਜਾਬੀ ਪ੍ਰਸੰਗ ਵਿਚ ਗੈਰ ਸਾਂਸਕ੍ਰਿਤਕ ਰੂਪ ਧਾਰਦੀਆਂ ਹਨ । ਨਿਰਸੰਦੇਹ / ਪੂੰਜੀਵਾਦੀ ਅਧਾਰਿਤ ਮਾਨਸਿਕਤਾ ਦੀ ਖੁੱਲ ਮਾਨਣ ਦੀ ਇੱਛਾ 21ਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਵੀ ਰੂਪਮਾਨ ਹੋਈ ਹੈ ਮੱਨੁਖ ਦੀਆਂ ਅਜਿਹੀਆਂ ਵਿਸਫੋਟਕ ਇਛਾਵਾਂ ਦੀ ਅਭਿਵਿਅਕਤੀ ਵੀ ਪੰਜਾਬੀ ਕਵਿਤਾ ਵਿਚ ਜਾਂ ਤਾਂ ਜ਼ਿੰਦਗੀ ਦੇ ਮਕਾਨਕੀ ਨੀਰਸ ਵਰਤਾਰੇ ਦੇ ਵਿਰੋਧ ਵਜੋਂ ਹੋਈ ਹੈ ਜਾਂ ਫਿਰ ਮੱਨੁਖ ਦੁਆਰਾ ਅਸੀਮ ਲਾਲਸਾਵਾਂ ਦੇ ਪ੍ਰਗਟਾ ਮਧਿਅਮ ਵਜੋਂ ਹੋਈ ਹੈ,ਪਰੰਤੂ ਇਸ ਵਿਚ ਮੱਨੁਖੀ ਸੰਸਾਰ ਦੀਆਂ ਵਿਚਾਰ ਪ੍ਰਣਾਲੀਆਂ ਅਤੇ ਪਰੰਪਰਾਗਤ ਜੀਵਨ ਦੀਆਂ ਕਦਰਾਂ-ਕੀਮਤਾਂ ਭਾਂਜ ਦੀ ਸਥਿਤੀ ਜਾਂ ਫਿਰ ਇਸ ਨੂੰ ਇਕੋ ਝਟਕੇ ਨਾਲ ਤੋੜ ਦੇਣ ਦੇ ਵਿਰੋਧਾਭਾਸ ਨੂੰ ਪ੍ਰਗਟਾਉਂਦੀ ਹੈ ।

1 ਤੂੰ ਮੈਨੂੰ ਰਿਸ਼ਤਿਆਂ ਦੇ ਦਾਇਰਿਆਂ
ਵਿਚ ਖੜਾ ਕਰਕੇ ਨਾ ਦੇਖੀ
ਮੈਂ ਤਾਂ ਆਜ਼ਾਦ ਫ਼ਿਜ਼ਾ ਵਿਚ
ਵਿਚਰਨਾ ਚਾਹੁੰਦੀ ਹਾਂ
ਬੇਨਾਮ ਹਵਾ ਵਾਂਗ
ਜਿੱਥੇ ਰਿਸ਼ਤੇ
ਸ਼ਾਬਦਿਕ ਮੰਥਨ
ਤੋਂ ਇਲਾਵਾ
ਕੁਝ ਵੀ ਨਹੀਂ
ਤੂੰ ਮੈਨੂ ਰਿਸ਼ਤਿਆਂ ਦਾਇਰਿਆਂ
ਵਿਚ ਖੜਾ ਕਰਕੇ ਨਾ ਦੁਖੀ ।[15]

2 ਮੇਰੇ ਤੋਂ ਖੋਹ ਲਵੋ ਸਾਰੇ ਫ਼ਲਸਫੇ,ਸਾਰੀ ਵਿਦਵਤਾ ਸਾਰਾ ਬੋਧ
ਕਿ ਮੈਥੋਂ ਰੱਜ ਕੇ ਮੁਹੱਬਤ ਨਹੀਂ ਹੁੰਦੀ ਹੁਣ
ਹੱਸਦਾ ਹਾਂ ਤਾਂ ਹੱਸਣ ਦਾ ਸਿਧਾਂਤ ਸਾਹਮਣੇ ਲੱਟਕ ਜਾਂਦਾ ਹੈ
ਰੋਂਦਾ ਹਾਂ ਤਾਂ ਕੋਈ ਚੁੱਪ ਚਾਪ ਮੈਨੰ ਵੇਖਦਾ ਤੇ ਫਿਰ ਵਰਾਂਉਦਾ ਹੈ
ਚੁੱਪ ਬੈਠਦਾ ਹਾਂ ਤਾਂ ਕੋਈ ਮੁਕਤੀ ਦਾ ਫਲਸਫਾ ਸਮਝਾਉਂਦਾ ਹੈ
ਚਿੰਤਨ ’ਚ ਡੁਬਦਾ ਹਾਂ
ਤਾਂ ਮਨ ਮਾਰਕਸ ਦਾ ਸਿਧਾਂਤ ਯਾਦ ਕਰਾਉਂਦਾ ਹੈ
ਮੈਨੰ ਭੁਲਾ ਹੀ ਦੇਵੋ ਜਿਉਣ ਦੇ ਸਾਰੇ ਸਿਧਾਂਤ
ਮੁਰੇ ਲਹੂ ਚੋਂ ਕਸ਼ੀਦ ਲਵੋ ਨਾਨਕ , ਬੁੱਧ ਤੇ ਰਜ਼ਨੀਸ਼
ਕਿ ਮੈਂ ਤਾਂ ਆਪਣੇ ਅੰਤਰ ਤੋਂ ਸ਼ੁਰੂ ਹੋ ਕੇ ਬ੍ਰਹਿਮੰਡ ਤੀਕ
ਆਪਣੀ ਮੌਲਿਕਤਾ ਨਾਲ ਖੁਦ ਫੈਲਦਾ ਹੈ ।[16]

3 ਤੋੜਕੇ ਉਮਰਾਂ ਦੇ ਬੰਦਨ
ਦਗ਼ ਗਿਆ ਚਿਹਰਾ ਉਸਦਾ
ਉਲੰਘ ਕੇ ਸਮਾਜ ਦੀਆਂ ਹੱਥਕੜੀਆਂ
ਭੁਲਾ ਕੇ ਹੱਥਾਂ ਦੀਆਂ ਹੱਥਕੜੀਆਂ
ਤੇ ਲਾਹ ਕੇ ਪੈਰਾਂ ਦੀਆਂ ਬੇੜੀਆਂ
ਦਗ਼ ਗਿਆ ਚਿਹਰਾ ਉਸਦਾ ।[17]

4 ਕ੍ਰਿਸ਼ਨ ਜੋ ਸੋਲਾਂ ਕਲਾਂ
ਸੰਪੂਰਨ ਅਵਤਾਰ ਨਹੀਂ
ਅੱਧਖੜ ਉਮਰ ਦਾ ਕਵੀ ਹੈ ।[18]

ਉਪਭੋਗੀ ਸਭਿਆਚਾਰ ਦਾ ਇਹ ਸੱਮੁਚਾ ਵਰਤਾਰਾ ਮੰਡੀ ਤੇ ਮੀਡੀਆ ਦੁਆਰਾ ਸੰਚਾਲਿਤ ਕੀਤਾ ਜਾ ਰਿਹਾ ਹੈ । ਇਸ ਦੌਰ ਵਿਚ ਮੱਨੁਖ ਦੀ ਚੋਣ , ਰਿਸ਼ਤੇ ਮੰਡੀ ਦੁਆਰਾ ਸੰਚਾਲਿਤ ਅਤੇ ਨਿਰਦੇਸ਼ਤ ਹਨ । ਸੂਚਨਾ ਤਕਨਾਲੌਜੀ ਦੇ ਵਿਕਾਸ ਨੇ ਮੱਨੁਖੀ ਰਿਸ਼ਤਿਆਂ ਦੀ ਵਿਆਕਰਣ ਨੂੰ ਪੂਰੀ ਤਰ੍ਹਾਂ ਬਦਲਿਆ ਹੈ। ਖੁੱਲੇ ਕਾਮ ਸੰਬੰਧਾਂ ਦਾ ਪ੍ਰਚਲਣ ਅਜੋਕੇ ਸਮੇਂ ਵਿਚ ਸਾਧਾਰਨ ਰੂਪ ਧਾਰਨ ਕਰ ਗਿਆ ਹੈ । ਪੂੰਜੀ ਆਪਣੇ ਸੰਚਾਲਨ ਲਈ ਸੰਚਾਰ ਦੇ ਸਾਧਾਨਾ ਦੀ ਵਰਤੋਂ ਰਾਹੀਂ ਕਾਮੁਕ ਦ੍ਰਿਸ਼ਾਂ ਨੂੰ ਦਰਸ਼ਾ ਕੇ ਭਾਰੀ ਮੁਨਾਫ਼ਾ ਕਮਾ ਰਹੀ ਹੈ । ਜਿਸ ਨਾਲ ਕਾਮ

ਅਜੋਕੇ ਦੌਰ ਵਿਚ ਪ੍ਰਾਕ੍ਰਿਤਕ ਸੁਹਜ ਦੀ ਥਾਂ ਮਕਾਨਕੀ ਕਾਰਜ ਬਣ ਗਿਆ ਹੈ। ਜਿਸਦੇ ਪ੍ਰਤੀਕਰਮ ਸਾਨੂੰ ਵਿਆਹ ਬਾਹਰੇ ਸੰਬੰਧਾਂ ਅਤੇ (Leave-in-Relationship) ਵਰਗੇ ਗੈਰ ਪ੍ਰਾਕ੍ਰਿਤਕ ਅਤੇ ਗੈਰ ਸਾਂਸਕ੍ਰਿਤਕ ਰੁਝਾਨਾਂ ਦੇ ਰੂਪ ਵਿਚ ਵੇਖਣ ਨੂੰ ਮਿਲਦਾ ਹੈ, ਕਿਉਂਕਿ ਸੰਚਾਰ ਦੇ ਸਾਧਾਨਾ ਅਤੇ ਬਾਜ਼ਾਰੂ ਉਪਭੋਗੀ ਸੰਸਕ੍ਰਿਤੀ ਵਿਚ ਕਰਮ ਨੂੰ ਕੇਂਦਰੀ ਸੱਤਾ ਹਾਸਿਲ ਹੈ । ਪੰਰਪਰਕ ਰਿਸ਼ਤਿਆਂ ਦੀ ਟੱਟ - ਭੱਜ ਨੇ ਉਪਭੋਗੀ ਰਿਸ਼ਤਿਆਂ ਦੀ ਉੱਤਪਤੀ ਕੀਤੀ ਹੈ। ਇਸ ਉਪਭੁਗੀ ਸੰਸਕ੍ਰਿਤੀ ਅਤੇ ਉੱਤਰ ਆਧੁਨਿਕ ਯੁੱਗ ਦੀ ਪਛਾਣ ਦੇ ਸੰਦਰਭ ਵਿਚ (Jean Baudillard) ਆਪਣੀ ਪੁਸਤਕ ਸੀਮੂਲੇਸ਼ਨਜ਼ ਵਿਚ ਜ਼ਿਮ ਪਾਵੇਲ ਦੇ ਕਾਮੁਕਤਾ ਦੇ ਸਿਧਾਂਤ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਕਹਿੰਦੇ ਹਨ "According to Faucatt sexuality refers to talk and writing about Erotic practice , which contain rules and prohibitions.But according to Baurdrillard in the new postmodern era, sex is dead because everything is sex. Sexual simulations are everywhere in advertising ,In fashion ,on T.v In films, sexuality is no longer intimate , personal and private behavior. It is open ,encour-aged unlimited, unrestricted ,mandatory-a command to release sexual tentions.”[19]

ਇਸ ਪ੍ਰਕਾਰ ਉਪਰੋਕਤ ਵਰਣਿਤ ਵਰਤਾਰਿਆਂ ਦਾ ਪ੍ਰਭਾਵ ਵੀ ਪੰਜਾਬੀ ਸਮਾਜ ਅਤੇ ਸਭਿਆਚਾਰਕ ਰਾਹੀਂ 21ਵੀਂ ਸਦੀ ਦੀ ਪੰਜਾਬੀ ਕਵਿਤਾ ਉੱਤੇ ਵੀ ਪੈਂਦਾ ਹੈ । ਪੰਜਾਬੀ ਕਵਿਤਾ ਵਿਚ ਇਕ ਕਤਾਰ ਉਹਨਾਂ ਕਵੀਆਂ ਦੀ ਹੈ ਜੋ ਪੰਜਾਬੀ ਮਾਨਸਿਕਤਾ ਦੇ ਇਸ ਦੇਹਵਾਦੀ ਸੈਲੀਬਰੇਸ਼ਨ ਦੀ ਅਭਿਵਿਅਕਤੀ ਖੁੱਲ੍ਹ ਕੇ ਪੰਜਾਬੀ ਕਵਿਤਾ ਵਿਚ ਕਰ ਰਹੇ ਹਨ । ਨਿਰਸੰਦੇਹ ਇਸ ਪ੍ਰਕਾਰ ਦੀ ਪ੍ਰਵਿਰਤੀ ਨੂੰ ਉਪਭੋਗੀ ਰੁਚੀਆਂ ਤੋਂ ਉਪਜੀ ਕਾਵਿਕ ਟੈਕਸਟ ਕਿਹਾ ਜਾ ਸਕਦਾ ਹੈ ਜੋ ਮੱਨੁਖ ਦੁਆਰਾ ਛਿਣਭੰਗੁਰ ਆਨੰਦ ਦੀ ਸਿਰਜਕ ਪ੍ਰਵਿਰਤੀ ਵੱਲ ਰੁਚਿਤ ਹੋ ਕੇ ਦੇਹਵਾਦੀ ਸਰੋਕਾਰਾਂ ਵਿਚ ਪ੍ਰਵਿਰਤਿਤ ਹੁੰਦੀ ਹੈ। ਇਸੇ ਦੇ ਪ੍ਰਤੀਉੱਤਰ ਵਜੋਂ ਕੁਝ ਗਿਣਤੀ ਉਹਨਾਂ ਕਵੀਆਂ ਦੀ ਹੈ ਜੋ - ਸਾਂਸਕ੍ਰਿਤਕ ਵਰਤਾਰਿਆਂ ਨੂੰ ਸੰਜਮਤਾ ਵਿਚ ਚਿੱਤਰਦੇ ਹੋਏ ਅਜਿਹੇ ਗੈਰ - ਸਾਂਸਕ੍ਰਿਤਕ ਰਿਸ਼ਤਿਆਂ ਦੀ ਨਿਖੇਧੀ ਵੱਲ ਰੁਚਿਤ ਹਨ । ਇਹ ਕਵੀ ਉੱਤਰ ਆਧੁਨਿਕਤਾ ਦੇ ਇਸ ਦੌਰ ਵਿਚ ਪਿਆਰ ਵਿਚਲੇ ਰਿਸ਼ਤੇ ਦੀ ਸੁੱਚਮਤਾ ਸੰਜਮਤਾ ਅਤੇ ਇਸਦੇ ਸਾਂਸਕ੍ਰਿਤਕ ਗੌਰਵ ਨੂੰ - ਪਰਭਾਸ਼ਿਤ ਕਰ ਰਹੇ ਹਨ ।

1 ਹਰ ਵਾਰ ਹੋਰ ਲਹਿਰਾਂ,ਹਰ ਵਾਰ ਹੋਰ ਪਾਣੀ
ਕਰਕੇ ਵੀ ,ਕਰ ਨਾ ਸਕਿਆ ਤੂੰ ਪਾਰ ਇਸ ਨਦੀ ਨੂੰ
ਹਰ ਵਾਰ ਸੱਜਰਾ ਪਾਣੀ ਹਰ ਵਾਰ ਸੁੱਚੀਆਂ ਲਹਿਰਾਂ
ਮੈਂ ਪਹਿਲੀ ਵਾਰ ਮਿਲਦਾ ਹਰ ਵਾਰ ਇਸ ਨਦੀ ਨੂੰ ।[20]

2 ਉਹ ਵੀ ਦਿਨ ਸੀ ਢਾਬ ਤੀਕਰ ਆਪ ਸੀ ਆਈ ਨਦੀ
ਮਾਫ਼ ਕਰਨਾ ਪੰਛੀਉ ਅੱਜ ਆਪ ਤਿਰਹਾਈ ਨਦੀ ।[21]

ਇਸ ਡੇਢ ਦਹਾਕੇ ਵਿਚ ਸੰਚਾਰ ਦੇ ਅਤਿ ਵਿਕਸਿਤ ਸਾਧਨਾ ਕਰਕੇ ਨਾਰੀ ਚੇਤਨਾ ਨੇ ਤੇਜ਼ੀ ਨਾਲ ਵਿਕਾਸ ਕੀਤਾ ਹੈ। ਅਜੋਕੀ ਪੰਜਾਬੀ ਕਵਿਤਾ ਨਾਰੀਵਾਦ ਦੇ ਸਿਧਾਂਤਾ ਨੂੰ ਪਿਛੇ ਛੱਡਦੀ ਹੋਈ ਉੱਤਰ - ਨਾਰੀਵਾਦੀ ਸੰਕਲਪਾਂ ਦੀ ਕਾਵਿ ਅਭਿਵਿਅਕਤੀ ਵੱਲ ਰੁਚਿਤ ਹੈ। ਉੱਤਰ ਪੂੰਜੀਵਾਦੀ ਵਸਤੂ - ਵਰਤਾਰੇ ਵਿਚ ਔਰਤ ਦੀ ਦੇਹ ਨੂੰ ਮੰਡੀ ਦੀ ਵਸਤੂ ਵਿਚ ਰੂਪਾਂਤਰਿਤ ਕੀਤਾ ਗਿਆ ਹੈ । ਉੱਤਰ ਪੂੰਜੀਵਾਦ ਦੁਆਰਾ ਨਾਰੀ ਦੀ ਹਸਤੀ ਨੂੰ ਸੰਚਾਰ ਦੇ ਸਾਧਾਨਾਂ ਰਾਹੀਂ ਵਧੇਰੇ ਸੁਤੰਤਰ ਅਤੇ ਚੇਤੰਨ ਅੰਦਾਜ਼ ਵਿਚ ਪੇਸ਼ ਕਰਨ ਦੀ ਭੁਲਾਂਦਰੇ ਮੂਲਕ ਸਥਿਤੀ ਨੇ ਨਿਰਸੰਦੇਹ ਨਾਰੀ ਦੇ ਨਾਰੀਤਵ ਨੂੰ ਖੰਡਿਤ ਕੀਤਾ ਹੈ। ਜਿਸ ਕਾਰਨ ਸਦੀਆਂ ਤੋਂ ਸੰਤਾਪ ਭੋਗ ਰਹੀ ਔਰਤ ਦੇ ਸ਼ੋਸ਼ਣ ਦੀਆਂ ਸੰਭਾਵਨਾਵਾਂ ਤਾਂ ਪਹਿਲਾਂ ਨਾਲੋਂ ਵਧੇਰੇ ਪੱਧਰ ਤੇ ਉਜਾਗਰ ਹੋਇਆਂ ਹਨ। ਅਜਿਹੇ ਵਰਤਾਰੇ ਪ੍ਰਤੀ ਅਜੋਕੀ ਨਾਰੀ ਕਵਿਤਾ ਵਿਚ ਬੜੇ ਤਿੱਖੇ ਅੰਦਾਜ ਵਿਚ ਪ੍ਰਤੀ - ਉੱਤਰ ਵੀ ਸਿਰਜਿਆ ਜਾ ਰਿਹਾ ਹੈ। ਜਿਸ ਰਾਹੀਂ ਨਾਰੀ ਹੋਂਦ ਲਈ ਖਤਰਾ ਬਣੇ ਗੈਰ - ਸਾਂਸਕ੍ਰਿਤਕ ਵਰਤਾਰਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਉਦਹਾਰਨ ਦੇ ਤੋਰ ਤੇ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਮੱਛੀਆਂ ਦਾ ਬੈਲੇ ਡਾਂਸ ਅਤੇ ਅਮਰ ਜਿਉਤੀ ਦੀ ਬਾਸ ਕਵਿਤਾ ਦੇ ਉਦਹਾਰਨ ਦਿੱਤੇ ਜਾ ਸਕਦੇ ਹਨ ।

1 ਗਰੀਬ ਮਾਸੂਮ ਮਛੀਆਂ
ਲਾਉਦੀਆਂ ਭੁੱਖ ਦੇ ਸਮੁੰਦਰ ਵਿਚ ਗੋਤੇ
ਐਧਰ ,ਉਧਰ ਭਟਕਦੀਆਂ
ਕਰਦੀਆਂ ਕਿਸੇ ਖਾਣ ਵਾਲੀ ਚੀਜ ਦੀ ਭਾਲ
ਰੱਲ ਜਾਂਦੀਆਂ ਕਿਸੇ ਨਾਚ ਗਰੁਪ ਨਾਲ
ਅਮੀਰ ਅੱਖਾਂ ਦੀ ਭੁੱਖ ਸ਼ਾਂਤ ਕਰਨ ਲਈ
ਸਿੱਖ ਲੈਂਦੀਆਂ ਲੱਕ ਮਟਕਾਉਣੇ, ਦਿਲ ਪਰਚਾਉਣੇ,
ਰੰਗ-ਬਰੰਗੀਆਂ - ਪੁਸ਼ਾਕਾਂ ਪਾ
ਕਰਦੀਆਂ ਬੈਲੇ-ਨਾਚ
ਵਿਖਾਉਂਦੀਆਂ ਹੁਸਨ ਦੀ ਧਮਾਲ

ਚਲਾਕ ਮਗਰਮੱਛ
ਆਟੇ ਵਾਲੀ ਕੁੰਡੀ ਸੁੱਟ
ਕਰਦੇ ਮਾਸੂਮ ਮੱਛੀਆਂ ਦਾ ਸ਼ਿਕਾਰ
ਘੰਟੀਆਂ, ਦਿਨਾਂ, ਮਹੀਨਿਆਂ ਬੱਧੀ ਇੰਤਜ਼ਾਰ
ਅਖ਼ੀਰ ਫਸਾ ਹੀ ਬੈਠਦੀ ਕੋਈ ਨਾਦਾਨ ਮੱਛੀ
ਤਿੱਖੀ ਕੁੰਡੀ ਆਪਣੇ ਸੰਘ ਵਿਚਕਾਰ
ਤਬਾਹ ਕਰ ਬੈਠਦੀ ਆਪਣਾ ਸੋਹਣਾ ਸੁਪਣ- ਸੰਸਾਰ
ਮਗਰਮੱਛ ਦਾ ਮਸੀਂ ਇਕ ਡੰਗ ਟੱਪਦਾ ।[22]

2 ਕੁਝ ਬਾਸ ਹਨ।
ਜੋ ਇਕਵੀਂ ਸਦੀ ਦੀ ਆਸ ਹਨ
ਰਾਜਿਆਂ ਦੇ ਕਰਮ ਨੂੰ ਨਿੰਦਦੇ ਪਏ
ਪਰ ਉਹਨਾਂ ਦੀਆ ਕਲਮਾਂ ਵਿਚ ਵਿਚ
ਬੁਰਸ਼ਾਂ ਵਿਚ ਸ
ਰੰਗ ਗਲਤ ਜਿਹੇ ਭਰੇ ਪਏ ਨੇ
ਚਿੱਟੇ ਸਫ਼ਾਫ ਚਿਹਰਿਆਂ ਨੂੰ
ਕਲਿਆਂਦੇ ਪਏ
ਦਫ਼ਤਰ ਦੇ ਬੰਦ ਬੂਹਿਆਂ ਪਿੱਛੇ
ਕੱਲਾ ਬਾਸ ਹੈ ਬੈਠਾ ਹੰਦਾ,
ਇਕ ਜਿਸਮ ਹੈ ਟੱਟਦਾ ਪਿਆ
ਹਰ ਰੋਜ
ਦਿਨ ਵਿਚ ਕਈ ਵਾਰ ਵੀ
ਕੁਝ ਧੋਖੇ ਵਿਚ
ਕੁਝ ਭੋਲੇਪਨ ’ਚ
ਕੁਝ ਨੌਕਰੀ ਲਈ
ਰੋਟੀ ਦੀ ਖਾਤਰ ,ਕਈ ਜਿਸਮ ਨੇ ਟੁੱਟਦੇ ਪਏ
ਇਹ ਜਿਸਮ ਕੌਣ ਹਨ,
ਇਸ ਯੁੱਗ ਦੇ ਰਾਜਿਆਂ ਦੀਆਂ
ਮਹਾਰਾਜਿਆਂ ਦੀਆਂ
ਚਹੇਤੀਆਂ ’ਤੇ
ਰਾਣੀਆਂ ਦੇ ਜਿਸਮ
ਮਹਾਰਾਣੀਆਂ ਕਦ ਆਜਾਦ ਹਨ ।[23]

ਇਸ ਡੇਢ ਦਹਾਕੇ ਵਿਚ ਨਾਰੀ ਸ਼ੋਸ਼ਣ ਦੀਆਂ ਕੁੱਝ ਪ੍ਰਮੱਖ ਘਟਨਾਵਾਂ ਦੇ ਨਾਲ ਅਪਰਾਧ ਦਾ ਪੱਧਰ ਵੀ ਬਹੁਤ ਤੇਜੀ ਨਾਲ ਵਧਿਆ ਹੈ। ਬਲਾਤਕਾਰ ਵਰਗੀਆਂ ਘੱਟਨਾਵਾਂ ਨੇ ਵਿਸ਼ਵ ਪੱਧਰ ’ਤੇ ਭਾਰਤ ਦਾ ਨਾਂ ਕਲੰਕਿਤ ਕੀਤਾ ਹੈ। ਉਥੇ ਇਰਾਕ ਦੇ ਆਤੰਕਵਾਦੀ ਕੈਂਪਾਂ ਵਿਚ ਔਰਤਾਂ ਨੂੰ ਜਬਰਨ ਰੇਪ ਕੇਂਦਰਾਂ ਵਿਚ ਲਿਜਾ ਕੇ ਉਨ੍ਹਾਂ ਨੂੰ ਮਾਨਵ ਬੰਬ ਬਣਾਉਣ ਦੀਆਂ ਘਟਨਾਵਾਂ ਨੇ ਸੱਮੁਚੇ ਵਿਸ਼ਵ ਨੂੰ ਝੰਜੋੜਿਆ ਹੈ। ਪੰਜਾਬੀ ਦੀ ਅਜੋਕੀ ਨਾਰੀਵਾਦੀ ਕਵਿਤਾ ਨੇ ਨਾਰੀ ਦੇ ਸੁਰੱਖਿਆ ਦੇ ਮੱਦੇ ਨੂੰ ਬਹੁਤ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਵਿਸ਼ਵ ਪੱਧਰ ’ਤੇ ਹੋ ਰਿਹਾ ਨਾਰੀ ਨਾਲ ਅਮਾਨਵੀਂ ਵਰਤਾਰਾ ਵੀ ਗਲੋਬਲੀ ਚਿੰਤਨ ਰਾਹੀਂ ਨਾਰੀ ਕਾਵਿ ਦੀ ਗੰਭੀਰ ਪ੍ਰੌੜਤਾ ਰਾਹੀਂ ਪਾਠਕਾਂ ਸਨਮੁੱਖ ਪੇਸ਼ ਹੁੰਦਾ ਹੈ, ਉੱਥੇ ਅਜੋਕੇ ਸਮੇਂ ਵਿਚ ਗੈਰ ਸਾਂਸਕ੍ਰਿਤਕ ਵਰਤਾਰਿਆਂ ਜਿਵੇਂ ਕੁੱਖ ਉਧਾਰੀ ਦੇਣਾ, ਪ੍ਰੋਨੋਗ੍ਰਾਫੀ , ਆਦਿ ਪ੍ਰਤੀ ਵੀ ਤਿੱਖਾ ਪ੍ਰਤੀਰੋਧ ਸਿਰਜਿਆ ਗਿਆ ਹੈ। ਇਸ ਡੇਢ ਦਹਾਕੇ ਵਿਚ ਰਚੀ ਗਈ ਜਾਂ ਰਚੀ ਜਾ ਰਹੀ ਕਵਿਤਾ ਦੀ ਵਿੱਲਖਣਤਾ ਇਹ ਵੀ ਹੈ ਕਿ ਇਸ ਵਿਚ ਨਾਰੀ ਦੁਆਰਾ ਪਰੰਪਰਾਗਤ ਅਤੇ ਪੂੰਜੀਵਾਦੀ ਦੋਹਾਂ ਵਰਤਾਰਿਆਂ ਦੇ ਅਣਚਾਹੇ ਕਾਮ ਸੰਬੰਧਾਂ ਪ੍ਰਤੀ ਵਿਦਰੋਹ ਸਿਰਜਿਆ ਜਾ ਰਿਹਾ ਹੈ। ਔਰਤ ਨੂੰ ਕਿਉਂਕਿ ਸਮਾਜ ਵਿਚ ਸਭਿਆਚਾਰਕ ਤੌਰ ’ਤੇ ਸਮਾਨ ਦਰਜਾ ਪ੍ਰਾਪਤ ਨਹੀਂ ਇਸ ਲਈ ਵਿਆਹ ਸੰਬੰਧਾਂ ਲਈ ਵੀ ਉਸਦੀ ਮਰਜੀ ਮੱਹਤਤਾ ਨਹੀਂ ਰੱਖਦੀ । ਅਣਚਾਹੇ ਕਾਮ ਸੰਬੰਧ ਵੀ ਨਾਰੀ ਅੰਦਰਲੇ ਨਾਰੀਤਵ ਨੂੰ ਖੰਡਿਤ ਕਰਦੇ ਹੋਏ ਉਸ ਅੰਦਰ ਛੱਟਪਟਾਹਟ ਪੈਦਾ ਕਰਦੇ ਹਨ। ਅਜੋਕੀ ਨਾਰੀਵਾਦੀ ਕਵਿਤਾ ਵਿਚ ਨਾਰੀ ਦੀਆਂ ਅੰਤਰੀਵ

ਭਾਵਨਾਵਾਂ ਨੂੰ ਬੜੀ ਬੇਬਾਕੀ ਨਾਲ ਚਿਤਰਿਆ ਗਿਆ ਹੈ। ਅਜਿਹੀ ਕਵਿਤਾ ਦੇ ਵਿਚ ਅੰਤਰੀਵ ਅਮੂਰਤ ਮਾਨਿਸਕ ਬਿੰਬਾਂ ਦੀ ਪੇਸ਼ਕਾਰੀ ਕਰਨ ਵਾਲੇ ਚਿੰਨ੍ਹਾਂ ਪ੍ਰਤੀਕਾਂ ਅਤੇ ਕਾਵਿ –ਭਾਸ਼ਾ ਦੀ ਵਰਤੋਂ ਰਾਹੀਂ ਪੈਦਾ ਕੀਤੀ ਗਈ ਹੈ।

1 ਔਰਤ ਕੇਵਲ ਜਿਸਮ ਹੁੰਦੀ
ਰੂਹ ਸਮਾਜ ਕੋਲ
ਗਿਰਵੀ ਰੱਖਦੀ
ਜਦ ਧਰਤੀ ਤੇ ਆਉਂਦੀ
ਸਵਾਲਾਂ ਦੀ ਜੂਨ ਹੰਢਾਉਂਦੀ ।[24]

2 ਜਿਹੜਾ ਸ਼ਿਲਾਲੇਖ ਤੂੰ ਲਿਖਿਆਂ
ਮੇਰੇ ਜਿਸਮ ’ਤੇ
ਇਕ ਵਾਅਦਾ ਮਨਾਉਂਦੀਆਂ
ਇਕ ਰਸਮ ਨਿਭਾਉਂਦੀਆਂ
ਉਹਦੇ ਹਰਫਾਂ ’ਤੇ ਰੋਜ ਉਂਗਲੀ ਰੱਖਦਾ
ਕਹਿੰਦਾ ਮੈਨੂੰ
ਪੜ ਇਸਨੂੰ –ਹਿਫ਼ਜ਼ ਕਰ
ਰੋਜ਼ ਪੜ੍ਹਦਿਆਂ ਇਕ ਇਬਾਰਤ
ਸਾਹੀ ਸ਼ਬਦ
ਮੇਰੇ ਲਹੂ ਵਿਚ ਰੱਲ ਗਿਆ ।[25]

ਸੱਮੁਚੇ ਤੌਰ ’ਤੇ 21ਵੀਂ ਸਦੀ ਦੀ ਨਾਰੀਵਾਦੀ ਪੰਜਾਬੀ ਕਵਿਤਾ ਉਤਰ – ਨਾਰੀਵਾਦੀ ਸੰਕਲਪਾਂ ਅਨੁਸਾਰ ਉੱਤਰ –ਆਧੁਨਿਕ ਅਤੇ ਭਾਰਤੀ /ਪੰਜਾਬੀ ਸਭਿਆਚਾਰ ਵਿਚਲੀ ਨਾਰੀ ਦੀ ਸਥਿਤੀ ਦੇ ਪ੍ਰੌੜ ਚਿੰਤਨ ਉਪਰੰਤ ਸੰਜਮਤਾ , ਸਹਿਜਤਾ ਭਰਪੂਰ ਭਾਵਾਂ ਨਾਲ ਸਮਾਜਿਕ ਸੰਤੁਲਨ ਅਤੇ ਨਵ ਉਸਾਰੀ ਲਈ ਨਾਰੀ ਦੀ ਸਮਾਜਿਕ ਸਮਾਨਤਾਂ ਲਈ ਨਿਰੰਤਰ ਕਾਵਿ –ਸਾਧਾਨਾ ਵਿਚ ਲੀਨ ਹੈ। ਨਾਰੀ ਹੋਂਦ ਲਈ ਯਤਨਸ਼ੀਲ ਇਨ੍ਹਾਂ ਕਵਿਤਰੀਆਂ ਦੀ ਕਾਵਿ-ਭਾਸ਼ਾ ਵਿਚੋਂ ਨਾਰੀ ਸਸ਼ਤੀਕਰਨ ਦਾ ਸੰਕਲਪ ਵੀ ਉਭਰਦਾ ਵੇਖਿਆ ਜਾ ਸਕਦਾ ਹੈ।ਭਾਰਤ ਵਿਚ ਹੋਏ ਬਹੁ-ਚਰਿਚਤ ਬਲਾਤਕਾਰਾਂ ,ਦੇਹੀ ਸ਼ੋਸ਼ਣ ਦੀਆਂ ਘਟਨਾਵਾਂ ਨੇ ਭਾਵੇਂ ਨਾਰੀ ਲਈ ਗੰਭੀਰ ਚੁਣੌਤੀਆਂ ਪੈਦਾ ਕੀਤੀਆਂ ਹਨ, ਪਰੰਤੂ ਪੰਜਾਬੀ ਕਵਿਤਰੀਆਂ ਵਲੋਂ ਅਜਿਹੇ ਸਮੇਂ ਵਿਚ ਰਚੀਆਂ ਜਾ ਰਹੀਆਂ ਚਿੰਤਨਸ਼ੀਲ ਰਚਨਾਵਾਂ ਨਿਰਸੰਦੇਹ ਭਾਰਤੀ ਨਾਰੀ ਦੇ ਸਸ਼ਤੀਕਰਨ ਦਾ ਆਗਾਜ਼ ਵੀ ਕਿਹਾ ਜਾ ਸਕਦਾ ਹੈ।

ਇਸੇ ਪ੍ਰਕਾਰ ਅਜੋਕੀ ਪੰਜਾਬੀ ਕਵਿਤਾ ਵਿਚ ਸਮਾਜਿਕ ਸਭਿਆਚਾਰਕ ਪੱਧਰ ਤੇ ਹਾਸ਼ੀਆਗ੍ਰਸਤ ਅਤੇ ਸੰਤਾਪ ਭੋਗਦੇ ਮੱਨੁਖਾਂ ਦੇ ਭਾਵਾਂ ਦੀ ਤਰਜਮਾਨੀ ਕਰਦੀ ਹੈ। ਭਾਰਤ ਵਿਚ ਸਦੀਆਂ ਤੋਂ ਮਨੂੰ ਸਿਮਰਤੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਨਿਮਨ ਸਮਝੀਆਂ ਜਾਣ ਵਾਲੀਆਂ ਜਾਂ ਬਣਾ ਦਿੱਤੀਆਂ ਗਈਆਂ ਜਾਤਾਂ ਦੇ ਗੰਭੀਰ ਸੰਤਾਪ ਭੋਗ ਰਹੇ ਹਨ। ਅਜੋਕੇ ਯੁੱਗ ਵਿਚ ਬੇਸ਼ਕ ਸਮਕਾਲ ਦੇ ਸੰਦਰਭ ਵਿਚ ਪੰਜਾਬ ਵਿਚ ਦਲਿਤ ਮੱਨਖੁ ਦੀ ਸਥਿਤੀ ਉੱਤਰ /ਭਾਰਤ ਜਾਂ ਦੇਸ਼ ਦੇ ਬਾਕੀ ਹਿਸਿਆਂ ਨਾਲੋਂ ਚੰਗੀ ਹੈ, ਪਰੰਤੂ ਇਸਦੇ ਬਾਵਜੂਦ ਇਹ ਨਹੀਂ ਕਿਹਾ ਜਾ ਸਕਦਾ ਕਿ ਪੰਜਾਬੀ ਖੇਤਰ ਵਿਚ ਜਾਤਪਾਤ ਦਾ ਦਬਦਬਾ ਘੱਟ ਹੈ। ਗੁਰੂ ਗ੍ਰੰਥ ਸਹਿਬ ਵਿਚਲਾ ਧਰਮ –ਨਿਰਪੱਖਤਾ ਦੇ ਸਿਧਾਂਤ ਦੇ ਬਾਵਜੂਦ ਜਾਤੀਵਾਦੀ ਸਮਾਜ ਦੀ ਯਥਾਰਥਕ ਸਥਿਤੀ ਇਹ ਹੈ ਕਿ ਪੰਜਾਬੀ ਸਮਾਜ ਕਈ ਵਰਗ ,ਲੰਮੇ ਸਮੇਂ ਤੋਂ ਸਮਾਜਿਕ ,ਸਭਿਆਚਾਰਕ ਜਾਂ ਰਾਜਨੀਤਕ ਖੇਤਰ ਵਿਚ ਕੋਈ ਖਾਸ ਥਾਂ ਨਹੀਂ ਹੈ। ਸਦੀਆਂ ਤੋਂ ਜਾਤੀਗਤ ਹੀਣਤਾ ਅਤੇ ਸਮਾਜਿਕ ਨਾ ਬਰਾਬਰੀ ਦਾ ਮਾਨਸਿਕ ਸੰਤਾਪ ਭੋਗਦੇ ਇਨ੍ਹਾਂ ਵਰਗਾਂ ਦੀਆਂ ਭਾਵਨਾਵਾਂ ਨੂੰ ਪੰਜਾਬੀ ਕਵਿਤਾ ਵਿਚ ਬਲਬੀਰ ਮਾਧੋਪੁਰੀ, ਗੁਰਮੀਤ ਕੱਲਰਮਾਜਰੀ,ਮਦਨਵੀਰਾ,ਸੰਤੋਖ ਸੁਖੀ,ਮੋਹਨ ਤਿਆਗੀ ਆਦਿ ਦੇ ਨਾਂ ਪ੍ਰਮੁੱਖ ਹਨ। ਇਹ ਕਵੀ ਅੰਬੇਡਕਰਵਾਦੀ ਅਤੇ ਮਾਰਕਸਵਾਦੀ ਦਰਸ਼ਨ ਨੂੰ ਆਧਾਰ ਬਣਾ ਕੇ ਸਦੀਆਂ ਤੋਂ ਹਾਸ਼ੀਆਂਗ੍ਰਸਤ ਬਣੀਆ ਧਿਰਾਂ ਦੀ ਸਵੈ ਅਭਿਵਿਅਕਤੀ ਦਾ ਸਾਧਨ ਬਣਦੇ ਰਹੇ ਹਨ ।

1 ਮੈਨੂੰ ਨਹੀਂ ਚਾਹੀਦੇ ਵੇਦ ਮੰਤਰ
ਨਾਂ ਹੀ ਚਾਹੀਦੀ ਹੈ ਹਵਨ ਸੱਮਗਰੀ
ਕਿਸੇ ਪੁਜਾਰੀ ਦੀ ਵੀ ਜਰੂਰਤ ਨਹੀਂ ਮੈਨੂੰ ।
ਨਾ ਹੀ ਸ਼ੰਖ ਖੜਤਾਲਾਂ ਨੇ ਮਿੱਟਾਉਣੀ ਹੈ ਮੇਰੀ ਪਿਆਸ
ਮੈਂ ਕੋਈ ਕਿਰਾਏ ਦਾ ਟੱਟੂ ਨਹੀਂ ਹਾਂ
ਮੈਂ ਇਤਿਹਾਸਕਾਰਾਂ ਨੂੰ ਝੁੱਠਲਾਉਂਦਾ ਹਾਂ
ਪੰਜਾਬ ਕਦੇ ਵੀ ਘੁੱਗ ਵੱਸਿਆ ਹੀ ਨਹੀਂ।[26]

3 ਮਾਫ਼ ਕਰਨਾ

ਮੈਂ ਇਕਲਵਿਆ ਵਰਗਾ ਸ਼ਿਸ ਨਹੀਂ ਹਾਂ
ਜੋ ਮਕਾਰ ਗੁਰੁ ਦੇ ਕਹਿਣ 'ਤੇ
ਆਪਣਾ ਅੰਗੂਠਾ ਕੱਟ ਦਿਆਂਗਾ
ਉਹ ਤਾਂ ਮੇਰੇ ਪੁਰਖੇ ਭੁਲੇਖੇ ਵਿਚ ਸਨ
ਝੋ ਸਮਝ ਨਾ ਸਕੇ
ਕਿ ਦੁਰੋਧਨਾਂ ਦੇ ਗੁਰੁ
ਦੁੱਲੇ ਦੀ ਜ਼ਾਤ ਨੂੰ
ਕਿਉਂ ਬਣਾਉਣਗੇ ਤੀਰ ਅੰਦਾਜ਼
ਮੈਂ ਅੱਵਿਗਆ ਕਰਾਂਗਾ
ਉਨ੍ਹਾਂ ਸਭ ਮਿੱਥਾਂ ਦੀ ,ਜੋ ਲਾਲੋ ਨੂੰ
ਰੁੱਖਾ ਮਿੱਸਾ ਖਾ ਕੇ ,
ਠੰਢਾ ਪਾਣੀ ਪੀਣ ਦੀਆਂ
ਨਸੀਹਤਾਂ ਦਿੰਦਿਆਂ ਹਨ
ਕਿਉਂਕਿ ਮੈਂ ਜਾਣ ਗਿਆ ਹਾਂ
ਬਾਬਰ ਵਿਦੇਸ਼ੀ 'ਤੇ ਮਲਕ ਭਾਗੋ ਦੇਸ਼ੀ ਦੀ ਇਕੋ ਜ਼ਾਤ ਹੈ।[27]

ਪੂੰਜੀਵਾਦ ਦਾ ਸ਼ੋਸ਼ਨਕਾਰੀ ਵਰਤਾਰਾ ਦਲਿਤ ਲਈ ਬਹੁ-ਪਰਤੀ ਦੁਖਾਂਤ ਦੀ ਪ੍ਰਕ੍ਰਿਆ ਨੂੰ ਤੇਜ਼ ਕਰਦਾ ਹੈ। ਉਦਯੋਗੀਕਰਨ ,ਸ਼ਹਿਰੀਕਰਨ ਅਤੇ ਮਸ਼ੀਨੀਕਰਨ ਨੇ ਜਿੱਥੇ ਦਲਿਤ ਮੱਨੁਖ ਤੋਂ ਚੰਗੇ ਭਵਿੱਖ ਦਾ ਸੁਪਨਾ ਹਮੇਸ਼ਾ ਲਈ ਖੋ ਲਿਆ ਹੈ,ਉਥੇ ਇਸ ਉੱਤਰ ਆਧੁਨਿਕਤਾ ਦੇ ਤਲਿਸਮ ਨਾਲ ਉਹਨਾਂ ਦੇ ਪੰਰਪਰਾਗਤ ਕਿੱਤੇ ਵੀ ਗੁੰਮ -ਗੁਆਚ ਰਹੇ ਹਨ। ਦਿਨੋ ਦਿਨ ਵੱਧਦੇ ਮਸ਼ੀਨੀਕਰਨ ਨੇ ਇਨ੍ਹਾਂ ਵਰਗਾਂ ਦੀ ਪਛਾਣ ਅਤੇ ਅਤੇ ਇਨ੍ਹਾਂ ਦਾ ਕੰਮਕਾਜ ਖੋਹ ਕੇ ਸੰਕਟ ਨੂੰ ਤੇਜ਼ੀ ਨਾਲ ਵਧਾਇਆ ਹੈ। ਜਿਸ ਦਾ ਪ੍ਰਤੀਰੋਧ ਅਜੋਕੀ ਪੰਜਾਬੀ ਦਲਿਤ ਕਵਿਤਾ ਵਿਚ ਉਦਾਰਵਾਦੀ ਲੋਕਤੰਤਰ ਵਿਚ ਰਾਖਵੇਂਕਰਨ ਦੀ ਭੀਖ ਨੂੰ ਨਕਾਰਨ ਰਾਹੀਂ ਅਭਿਵਿਅਕਤ ਹੁੰਦਾ ਹੈ।

ਸਮਕਾਲ ਵਿਚ ਰਚੀ ਜਾ ਰਹੀ ਕਵਿਤਾ ਦਾ ਕੁਝ ਭਾਗ ਰਾਸ਼ਟਰਵਾਦੀ ,ਪ੍ਰਗਤੀਸ਼ੀਲ, ਭਾਵਾਂ ਅਤੇ ਵਿਚਾਰਾਂ ਦੀ ਤਰਜਮਾਨੀ ਕਰ ਰਿਹਾ ਹੈ। ਅਜਿਹੀ ਕਵਿਤਾ ਉਦਾਰਵਾਦੀ ਲੋਕਤੰਤਰ ਅਤੇ ਉੱਤਰ -ਬਸਤੀਵਾਦੀ ਵਰਤਾਰੇ ਵਿਚ ਸਾਧਾਰਨ ਮੱਨੁਖ ਦੀ ਟੁੱਟੀ ਸੁੱਪਨਿਆਂ ਨੂੰ ਮੁੜ ਉਸਾਰਨ ਵੱਲ ਅਗਰਸਰ ਹੈ।ਇਹ ਕਵਿਤਾ ਵਿਚ ਨਾਇਕਤਵ ਦਾ ਬਿੰਬ ਉਜਾਗਰ ਕਰਦੀ ਹੋਈ ਪ੍ਰਗਤੀਸ਼ੀਲਤਾ ਅਤੇ ਰਾਸ਼ਟਰਵਾਦੀ ਭਾਵਾ ਦੀ ਪੁਨਰ ਸਿਰਜਨਾ ਵੱਲ ਰੁਚਿਤ ਹੈ।

1 ਇਸ ਦੇਸ਼ ਦੀ
ਕਾਇਆ ਨਹੀਂ ਸਮਝੀ ਕਿਸੇ
ਇਸੇ ਲਈ
ਇਸ ਦੇਸ਼ ਦੀ
ਕਾਇਆ ਨਹੀਂ ਬਦਲੀ ਅਜੇ।[28]

21ਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਪਰਵਾਸੀ ਪੰਜਾਬੀ ਕਵਿਤਾ ਨਵੀਨ ਅਤੇ ਨਿਰੰਤਰ ਗਤੀਸ਼ੀਲ ਅਤੇ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਨਵੀਆਂ ਪ੍ਰਵਿਰਤੀਆਂ ਦੀ ਪੇਸ਼ਕਾਰੀ ਦੁਆਰਾ ਪੰਜਾਬੀ ਕਵਿਤਾ ਦਾ ਘੇਰਾ ਵਿਸ਼ਾਲ ਕਰਦੀ ਹੈ।ਇਸ ਕਵਿਤਾ ਦਾ ਅਤਰ-ਨਿਖੇੜਾ ਪਹਿਲੀ ਪਰਵਾਸੀ ਪੰਜਾਬੀ ਕਵਿਤਾ ਨਾਲੋਂ ਇਸ ਸਥਿਤੀ ਵਿਚ ਹੈ ਕਿ ਇਹ ਕਵਿਤਾ ਮਹਿਜ ਭੂ-ਹੇਰਵੇ ਜਾਂ ਪੀੜੀ-ਪਾੜੇ ਦੀ ਸੱਮਸਿਆ ਨੂੰ ਹੀ ਪੇਸ਼ ਨਹੀਂ ਕਰ ਰਹੀ ,ਇਹ ਕਵਿਤਾ ਪਰਵਾਸ ਦੇ ਅਤਿ ਵਿਕਸਿਤ ਵਰਤਾਰੇ ਵਿਚ ਪੰਜਾਬੀ ਮੱਨੁਖ ਦੇ ਵਧੇਰੇ ਜਲਿਟ ਯਥਾਰਥ ਨੂੰ ਪੇਸ਼ ਕਰਦੀ ਹੈ। ਇਹ ਕਵਿਤਾ ਪੰਜਾਬੀ ਮੱਨੁਖ ਅਤੇ ਸਮਾਜ ਦੇ ਡਾਇਸਪੋਰਿਕ ਦੰਵਦਾਂ ਤੋਂ ਲੈ ਕੇ ਬਹੁ- ਸਭਿਆਚਾਰ ਜਾਂ ਪਾਰ- ਸਭਿਆਚਾਰਕ ਸਮਾਜਾਂ ਵਿਚ ਸਥਿਤੀ ਨੂੰ ਰੂਪਮਾਨ ਕਰਦੀ ਹੈ। ਪੰਜਾਬੀ ਡਾਇਸਪੋਰਾ ਸਭਿਆਚਾਰਕ, ਵਲੀਨਤਾ ਅਤੇ ਬਹੁ- ਸਭਿਆਚਾਰਕ ਸਥਿਤੀਆਂ ਦੀ ਪ੍ਰਕ੍ਰਿਆ ਰਾਹੀਂ ਪਾਰ-ਸਭਿਆਚਾਰਕ ਕਦਰਾਂ ਦਾ ਉਹ ਸੰਕਲਪ ਸਿਰਜਦਾ ਹੈ ਜਿਸ ਵਿਚ ਆਪਣੇ ਮੂਲ ਸਭਿਆਚਾਰਕ ਕਦਰਾਂ ਦੀਆਂ ਵਿਸ਼ੇਸ਼ਤਾਵਾਂ ਸਮੇਤ ,ਸਭਿਆਚਾਰਕ ਰੋਕਾਂ ਤੋਂ ਦੂਰ ਚਲੇ ਜਾਣ ਜਾਂ ਦੂਸਰੇ ਪ੍ਰਭੁਸੱਤਾਸ਼ੀਲ ਸਭਿਆਚਾਰ ਦੇ ਗੁਣਾਂ ਨੂੰ ਆਪਣੇ ਵਿਚ ਸ਼ਾਮਿਲ ਕਰਨ ਦੀ ਰੁਪਾਂਤਰਣਸ਼ੀਲ ਅਵਸਥਾ ਵਿਚੋਂ ਗੁਜਰਦਾ ਹੈ। ਇਸ ਸੰਦਰਭ ਵਿਚ ਅਮਰਜੀਤ ਗਰੇਵਾਲ ਦਾ ਕਥਨ ਹੈ ਕਿ "ਅੱਜ ਹਰ ਭਾਈਚਾਰਾ ਇਕ ਪਾਰ -ਰਾਸ਼ਟਰੀ ਜਾਂ ਵਿਸ਼ਵੀ ਭਾਈਚਾਰਾ ਬਣਦਾ ਜਾ ਰਿਹਾ ਹੈ। ਇਹ ਇਕ ਬਹੁਤ ਹੀ ਮੱਤਵਪੂਰਨ ਤਬਦੀਲੀ ਹੈ। ਸੂਚਨਾ , ਪੂੰਜੀ , ਵਸਤਾਂ ,ਸੇਵਾਵਾਂ ਅਤੇ ਲੋਕਾਂ ਦੇ ਪਾਰ-ਰਾਸ਼ਟਰੀ ਵਹਾ ਨੇ ਕੌਮੀ ਹੱਦਬਦੀਆਂ ਦਾ ਮੱਹਤਵ ਘਟਾ ਦਿੱਤਾ ਹੈ ।

ਵਿਭਿੰਨ ਮੁਲਕਾਂ ,ਸੰਸਕ੍ਰਿਤੀਆਂ , ਅਰਥਚਾਰਿਆਂ , ਵਿਉਪਾਰਰਕ ਸੰਸਾਥਾਵਾਂ , ਪੰਰਪਰਾਵਾਂ ਆਦਿ ਵਿਚਕਾਰ ਮੇਲ ਜੋਲ ਅਤੇ ਇਕ ਦੂਜੇ ਉੱਪਰ ਨਿਰਭਰਤਾ ਲਗਾਤਾਰ ਵੱਧਦੀ ਜਾ ਰਹੀ ਹੈ।"[29]ਇਹ ਵਰਤਾਰ ਭਾਵੇਂ ਵਿਸ਼ਵ ਪੱਧਰ 'ਤੇ (economical ) ਪੱਧਰ 'ਤੇ ਵਾਪਰਨ

ਵਾਲਾ ਵਰਤਾਰ ਹੈ ਪਰੰਤੂ ਇਹ ਵਰਤਾਰਾ ਬਹੁ- ਸਭਿਆਚਾਰਕ ਵਖਰੇਵਿਆਂ ਕਾਰਨ ਪਾਰ- ਸਭਿਆਚਾਰਕ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ ਜਿਵੇਂ ਕਿ ਹਾਰਵੇ ਦਾ ਕਥਨ ਹੈ ਕਿ "ਨਵੀਆਂ ਸਮਾਜਿਕ ਅਤੇ ਭੁਗੋਲਿਕ ਸਥਿਤੀਆਂ ਦੀ ਲੋੜ ਨੇ ਗਲੋਬਲੀ ਪ੍ਰਸਥਿਤੀਆਂ ਹੇਠ ਨਵੇਂ ਮਾਲ/ ਸਮਾਨ ਦੇ ਖਪਤ, ਉਤਪਾਦਨ ਤੇ ਵਪਾਰ ਲਈ 'ਹਾਈਬਰਿਡਟੀ' ਦੀ ਚੇਤਨਾ ਪੈਦਾ ਕੀਤੀ ਅਤੇ ਪਰੰਪਰਕ ਕਲਾਵਾਂ,ਲੋਕ ਧਾਰਕ ਪ੍ਰਦਰਸ਼ਨੀਆ ਅਤੇ ਲੋਕ ਸਮੂਹਾਂ ਨੂੰ ਖਪਤ ਕਲਚਰ ਨਾਲ ਜੋੜਿਆ ।"[30] ਇਸ ਪ੍ਰਕਾਰ ਪਰਵਾਸੀ ਪੰਜਾਬੀ ਡਾਇਸਪੋਰਾ ਵੀ ਨਵੀਨ ਕਿਸਮ ਦੀਆਂ ਪੈਦਾ ਹੋਇਆ ਸਥਿਤੀਆਂ ਨੂੰ ਨਵੀਂ ਕਿਸਮ ਦੀ ਕਾਵਿ- ਭਾਸ਼ਾ ਵਿਚ ਢਾਲ ਕੇ ਪੇਸ਼ ਕਰ ਰਿਹਾ ਹੈ। ਪਰਵਾਸੀ ਪੰਜਾਬੀ ਡਾਇਸਪੋਰਾ ਜਿੱਥੇ ਪਾਰ –ਰਾਸ਼ਟਰੀ ਅੰਤਰ –ਪ੍ਰਸ਼ਨਾਂ ਨੂੰ ਉਸਾਰਦੀ ਹੈ ਕਿਉਂਕਿ ਪਰਵਾਸ ਦਾ ਬਹੁ-ਸਭਿਆਚਾਰ ਜਾਂ ਸਭਿਆਚਾਰਕ ਵਲੀਨਤਾ ਵਾਲਾ ਵਰਤਾਰਾ ਅਤਿ ਗਤੀਸ਼ੀਲ ਵਰਤਾਰਾ ਹੈ,ਜਿਸ ਵਿਚ ਪੰਜਾਬੀ ਪਾਰ- ਰਾਸ਼ਟਰੀ ਜਨ – ਸਮੂਹ ਸਥਿਰ ਕਿਸਮ ਦੀਆਂ ਸਥਾਪਨਾਵਾਂ ਪੇਸ਼ ਨਹੀਂ ਕਰ ਸਕਦਾ । ਜਿਵੇਂ ਕਿ "ਸਥਿਤ ਪਛਾਣਾਂ ਨੂੰ ਕਦੀ ਵੀ ਜਵਾਬ ਤਲਬ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਮੌਲਿਕ ਨਜ਼ਰ ਆਉਂਦੀਆਂ ਹਨ। ਦੂਸਰੇ ਪਾਸੇ ਹਾਈਬਰਡਿਟੀ ਪਛਾਣਾਂ ਨੂੰ ਤੁਸੀ ਸਥਿਤ ਕਰਕੇ ਨਹੀਂ ਦੇਖ ਸਕਦੇ, ਉਹ ਗਤੀਸ਼ੀਲ ਹੋਣ ਕਰਕੇ ਕਦੀ ਵੀ ਇਕ ਰੂਪ ਜਾਂ ਮੌਲਿਕਤਾ 'ਚ ਨਜ਼ਰ ਨਹੀਂ ਆਉਂਦੀਆਂ।"[31] ਇਸ ਪ੍ਰਕਾਰ ਪਰਵਾਸੀ ਪੰਜਾਬੀ ਕਵਿਤਾ ਪੰਜਾਬੀ ਡਾਇਸਪੋਰੇ ਦੇ ਮਾਨਸਿਕ ਅੰਤਰ- ਦਵੰਦਾਂ ਅਤੇ ਪਾਰ- ਰਾਸ਼ਟਰੀ,ਬਹੁ-ਸਭਿਆਚਾਰਕ ਸਮਾਜ ਦੀ ਯਥਾਰਥਕ ਪੇਸ਼ਕਾਰੀ ਕਰਦੀ ਪ੍ਰਤੀਤ ਹੁੰਦੀ ਹੈ।

1 ਇਸ਼ਤਿਹਾਰੀ ਰੋਸ਼ਨੀਆਂ ਦੀ
ਜੂਨ ਭੋਗਦੀ ,ਅੱਜ ਦੀ ਨਸਲ...
ਇਸੇ ਲਈ,
ਉਨ੍ਹਾਂ ਆਪਣੀਆਂ ਲਿਖਤਾਂ ਵਿਚ
ਟੈਸਟ –ਟਿਊਬ –ਬੇਬੀ
ਆਰਟੀਫਿਸ਼ਅਲ ਇਨਸੈਮੀਨੇਸ਼ਨ।[32]

2 ਜਦੋਂ ਕਵਿਤਾ ਮੈਨੂੰ ਲਿਖ ਰਹੀ ਹੰਦੀ ਹੈ
ਤਾਂ ਮੈਂ ਉਨ੍ਹਾਂ ਰੁੱਖਾਂ ਨੂੰ ਸਿੰਜਣ ਲੱਗ ਜਾਂਦਾ ਹਾਂ
ਜਿੰਨ੍ਹਾਂ ਨੇ ਆਉਣ ਵਾਲੇ ਵਰ੍ਹਿਆਂ 'ਚ
ਮੇਰੀ ਪਿੱਠ ਉੱਤੇ ਉੱਗਣਾ ਹੈ।[33]

ਇਸ ਪ੍ਰਕਾਰ ਪਰਵਾਸ ਵਿਚ ਰਚੀ ਗਈ ਪਾਰ-ਰਾਸ਼ਟਰੀ ਪੰਜਾਬੀ ਕਵਿਤਾ ਬਹੁ-ਸਭਿਆਚਾਰਕ ਅੰਤਰ –ਸੰਵਾਦ ਦੀਆਂ ਸੰਭਾਵਾਨਾਵਾਂ ਦੀ ਵੀ ਪੇਸ਼ਕਾਰੀ ਕਰਦਾ ਹੈ, ਜੋ ਉਸਦੀ ਸਿਰਜਣਾਤਮਕ ਵਿਲੱਖਣਤਾਵਾਂ ਦਾ ਪ੍ਰਤੀਬਿੰਬ ਬਣਦੀ ਹੈ।ਇਸ ਅੰਤਰ ਸੰਵਾਦ ਰਾਹੀਂ ਇਹ ਕਵਿਤਾ ਜਿੱਥੇ ਘੋਰ ਨਿਰਾਸ਼ਾ ਦੇ ਦੌਰ ਵਿਚ ਅੰਤਰ –ਸਭਿਆਚਾਰਕ ਜੀਵਨ ਸ਼ੈਲੀ ਦੇ ਸਕਾਰਾਤਮਕ ਪੱਖਾਂ ਨੂੰ ਸਵੀਕਾਰਦੀ ਹੈ,ਉੱਥੇ ਪੰਜਾਬੀ ਸਭਿਆਚਾਰ ਦੇ ਪ੍ਰਗਤੀਸ਼ੀਲ ਅਤੇ ਲੋਕਧਾਰਾਈ ਅੰਸ਼ਾਂ ਰਾਹੀਂ ਭਵਿੱਖਮੁਖੀ ਆਸ਼ਾਵਾਦੀ ਸੰਕਲਪ ਸਿਰਜਦੀ ਵਿਖਾਈ ਦਿੰਦੀ ਹੈ।

21ਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਉੱਤਰ –ਬਸਤੀਵਾਦੀ ਵਰਤਾਰੇ ਦੇ ਜਲਿਟ ਵਸਤੂਗਤ ਯਥਾਰਥ ਅਤੇ ਮੰਡੀ ਦੇ ਤਲਿਸਮੀ ਸੰਸਾਰ ਦੀਆਂ ਅਮਾਨਵੀਂ ਕਦਰਾਂ-ਕੀਮਤਾਂ ਦੇ ਗੌਰਵ ਦੀ ਪੁਨਰ ਪ੍ਰਾਪਤੀ ਦੇ ਆਸ਼ਵਾਦੀ ਸੰਕਲਪ ਨੂੰ ਬੜੀ ਸ਼ਿਦਤ ਅਤੇ ਚੇਤੰਨਤਾਂ ਨਾਲ ਚਿਤਰਿਆ ਗਿਆ ਹੈ। ਜਿਸ ਕਰਕੇ ਪੰਜਾਬੀ ਸਾਹਿਤ ਦਾ ਆਦਿ ਕਾਲ ਤੋਂ ਚੱਲਿਆ ਆ ਰਿਹਾ ਆਸ਼ਵਾਦੀ ਸੰਕਲਪ ਰੂਪਾਂਤਰਿਤ ਹੁੰਦਾ ਹੈ।ਸਾਮਰਾਜੀ ਪ੍ਰਵਿਰਤੀ ਵਾਲੇ ਇਸ ਉੱਤਰ ਪੂੰਜੀਵਾਦ ਨੇ ਭਾਂਵੇ ਸੰਵੇਦਨਸ਼ੀਲ ਮਾਨਸਿਕਤਾ ਨੂੰ ਬੁਰ੍ਹੀ ਤਰ੍ਹਾਂ ਵੰਲੂਧਰਿਆ ਹੈ,ਪਰੰਤੂ 21ਵੀਂ ਸਦੀ ਦੀ ਪੰਜਾਬੀ ਕਵਿਤਾ ਦੇ ਅਜਿਹੇ ਮੁਹਾਂਦਰੇ ਨੇ ਘੋਰ ਨਿਰਾਸ਼ਾ ਦੇ ਇਸ ਦੌਰ ਵਿਚ ਆਸ਼ਾਵਾਦੀ ਚੇਤਨੰਤਾ ਪ੍ਰਦਾਨ ਕੀਤੀ ਹੈ ।

1 ਜੇ ਆਈ ਪੱਤਝੜ ਤਾਂ ਫੇਰ ਕੀ ਹੈ ?
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ ,
ਮੈਂ ਲੱਭ ਕੇ ਕਿਤਿਉਂ ਲਿਆਉਣਾ ਕਲਮਾਂ
ਤੂੰ ਫੁੱਲਾਂ ਯੋਗੀ ਜਮੀਨ ਰੱਖੀ
ਕਿਸੇ ਵੀ ਸ਼ੀਸ਼ੇ 'ਚ ਅਕਸ ਆਪਣਾ ,
ਗੰਧਲਾ ਤੱਕ ਨਾਂ ਉਦਾਸ ਹੋਵੀਂ ,
ਸਜਨ ਦੀ ਨਿਰਮਲ ਨਦਰ 'ਚ ਹਰਦਮ,
ਤੂੰ ਧਿਆਨ ਆਪਣੇ ਨੂੰ ਲੀਨ ਰੱਖੀਂ ।[34]

2 ਕਲਮਾਂ ਜਦ ਚਲਦੀਆਂ ਨੇ
ਬਦਲ ਦਿੰਦਿਆਂ ਨੇ
ਰੁੱਖ ਇਤਿਹਾਸ ਦਾ
ਸਿਰਜਦੀਆਂ ਨੇ

ਨਵੀਂ ਤਵਾਰੀਖ਼
ਜ਼ਿੰਦਗੀ ਨੂੰ ਵਰਦਾਨ ਹੈ।
ਕਲਮਾਂ ਨੂੰ ਵਰਦਾਨ ਹੈ।
ਜ਼ਿੰਦਗੀ ਸਿਰਜਨ ਦਾ।[35]

3 ਅਜੇ ਫੱਲਾਂ ਨੂੰ ਉੱਗਣ ਦੀ ਮਨਾਹੀ
ਓਜੇ ਰੰਗਾਂ ਨੂੰ ਲੈ ਜਾਂਦੇ ਸਿਪਾਹੀ
ਉਦੋਂ ਮਹਿਕਣਗੀਆਂ ਗੁਲਦਾਉਦੀਆਂ ਵੀ
ਜਦੋਂ ਮਿੱਟੀ ਦੇ ਦਾਅਵੇਦਾਰ ਜਾਗੇ।[36]

4 ਜੇ ਨਾਂ ਦੇਹੀ ਸੜਦੇ ,ਹਸ਼ਰ ਤੱਕ ਜੋ ਰਹਿਣ ਬਲਦੇ
ਉਹਨਾਂ ਜ਼ਖ਼ਮਾਂ ਦੀ ਸ਼ਨਾਖਤ ਕਰਨ ਖ਼ਾਤਰ ਲਿਖ ਰਿਹਾ ਹਾਂ।
ਖੁਬ ਗਈ ਅੱਡੀ 'ਚ ਸੀ ਤਾਰੀਖ ਜਿਸ ਦਿਨ ਸੂਲ ਬਣ ਕੇ
ਉਸ ਦਿਨ ਤੋਂ ਸ਼ਹਿਰ ਦੀ ਸੂਲੀ ਦਾ ਮੰਜ਼ਰ ਲਿਖ ਰਿਹਾ ਹਾਂ।[37]

ਸੱਮੁਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਸ ਡੇਢ ਦਹਾਕੇ ਵਿਚ ਰੱਚੀ ਗਈ ਪੰਜਾਬੀ ਕਵਿਤਾ ਪੰਜਾਬੀ ਜਨ-ਜੀਵਨ ਦੇ ਅੰਸ਼ਾਂ ਪ੍ਰਤੀਕਾਂ ,ਲੋਕ ਭਾਸ਼ਾ ਅਤੇ ਚਿੰਨ੍ਹਾਂ ਦੀ ਵਰਤੋਂ ਰਾਹੀ ਸਾਰੀਆਂ ਪ੍ਰਤੀਕੂਲ ਪ੍ਰਸਿਥਤੀਆਂ ਨੂੰ ਚੁਣੌਤੀ ਦੇ ਰਹੀ ਹੈ । ਇਹੀ ਵਿੱਲਖਣਤਾ ਪੰਜਾਬੀ ਕਵਿਤਾ ਨੂੰ ਦੂਜੀਆਂ ਭਾਰਤੀ ਭਾਸ਼ਾਵਾਂ ਨਾਲੋਂ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਵੱਖ ਕਰਦੀ ਹੈ । ਪੰਜਾਬੀ ਕਵਿਤਾ ਇਸ ਡੇਢ ਦਹਾਕੇ ਵਿਚ ਬਹੁ ਪਾਸਾਰੀ ਕਾਵਿ-ਅਭਿਵਿਅਕਤੀ ਰਾਹੀਂ ਸੁੱਮਚੇ ਵਰਤਾਰੇ ਨੂੰ ਕਾਵਿ ਰੁਪਾਂਤਰਿਤ ਕਰਦੀ ਹੈ।

ਹਵਾਲੇ ਟਿੱਪਣੀਆਂ :

1 ਏਜ਼ਾਜ਼ ਅਹਿਮਦ,ਵਿਸ਼ਵੀਕਰਨ ਅਤੇ ਸਭਿਆਚਾਰ, ਵਿਸ਼ਵੀਕਰਨ:ਵਿਸ਼ਲੇਸ਼ਣ 'ਤੇ ਵਿਵੇਚਨ , ਸੰਪਾ.(ਡਾ. ਭੀਮ ਇੰਦਰ ਸਿੰਘ)ਪੰਨਾ-40

2 ਐਰਿਕ ਹਾਬਸਬਾਮ,The Age of Extremes:A History Of The World(1914-19)S

3 ਡਾ. ਯੋਗਰਾਜ,ਨਵੀਂ ਪੰਜਾਬੀ ਕਵਿਤਾ, ਉੱਤਰ ਪੰਜਾਬ ਸੰਕਟ,ਪੰਨੇ-27-28

4 ਡਾ. ਸੁਖਦੇਵ ਸਿੰਘ, ਪੰਜਾਬੀ ਕਾਵਿ ਪ੍ਰਤੀਰੋਧ ਦਾ ਪ੍ਰਵਚਨ, ਸਮਕਾਲੀ ਪੰਜਾਬੀ ਕਾਵਿ-ਦ੍ਰਿਸ਼ਟੀ ਪ੍ਰਤੀ ਦ੍ਰਿਸ਼ਟੀ,ਪੰਨਾ-111

5 ਜਸਵਿੰਦਰ,ਕਾਲ਼ੇ ਹਰਫਾਂ ਦੀ ਲੋਅ,ਪੰਨਾ-35

6 ਸੁਰਜੀਤ ਪਾਤਰ ,ਬਿਰਖ ਅਰਜ ਕਰੇ ਪੰਨਾ-33

7 ਸੁਰਜੀਤ ਪਾਤਰ ਕੱਕੀ ਰੇਤ ਦੇ ਵਰਕੇ, ਪੰਨਾ-21

9 ਜਸਵਿੰਦਰ,ਅਗਰਬੱਤੀ, ਪੰਨਾਂ-27

10 ਉਹੀ,ਅਗਰਬੱਤੀ, ਪੰਨਾਂ-15

11 ਡਾ. ਸਰਬਜੀਤ ਸਿੰਘ, ਵਿਹਾਰ ਤੇ ਵਰਤਾਰਾ, ਪੰਨਾ-15

12ਡਾ. ਯੋਗਰਾਜ, ਨਵੀਂ ਪੰਜਾਬੀ ਕਵਿਤਾ ਉੱਤਰ ਪੰਜਾਬ ਸੰਕਟ,ਨਵੀਂ ਪੰਜਾਬੀ ਕਵਿਤਾ -ਰੂਪ ਅਤੇ ਪ੍ਰਕਾਰਜ ਵਿਚ ਆ ਰਹੇ ਬਦਲਾਅ ਪੰਨਾ-43

13 ਸੁਰਜੀਤ ਪਾਤਰ,ਬਿਰਖ ਅਰਜ ਕਰੇ, ਪੰਨਾਂ-53

14 ਰਜਿੰਦਰਜੀਤ, ਸਾਵੇਂ ਅਕਸ,ਪੰਨਾਂ-44

15 ਜਸਪਾਲਜੀਤ,ਚੁੱਪ ਦੇ ਤਹਿਖ਼ਾਨਿਆਂ ਚੋਂ,ਪੰਨਾਂ-41

16 ਤੇਜਵਿੰਦਰ,ਆਸਥਾ,ਪੰਨਾਂ-29

17 ਅਮਰਜੀਤ ਕੌਂਕੇ , ਸ਼ਬਦ ਰਹਿਣਗੇ ਕੋਲ,ਪੰਨਾਂ-14

18 ਸੁਰਜੀਤ ਪਾਤਰ,ਹਨੇਰੇ ਵਿਚ ਸੁਲਗਦੀ ਵਣਮਾਲਾ,ਪੰਨਾਂ-68

19 Postmodernism,Jim powell,P.96

20 ਸੁਰਜੀਤ ਪਾਤਰ,ਸੁਰਜ਼ਮੀਨ, ਪੰਨਾਂ-29

21 ਜਸਵਿੰਦਰ, ਕਾਲੇ ਹਰਫ਼ਾਂ ਦੀ ਲੋਅ,ਪੰਨਾਂ-33

22 ਸੁਖਵਿੰਦਰ ਅੰਮ੍ਰਿਤ,ਚਿੜੀਆਂ , ਪੰਨਾਂ-11

23 ਅਮਰ ਜਿਉਤੀ,ਸੋਚਾਂ ਦੇ ਨਿਸ਼ਾਨ,ਪੰਨਾਂ-332

24 ਉਹੀ,ਵਕਤ ਮੌਸਮ ਨਜ਼ਮ,ਪੰਨਾਂ-130

25 ਉਹੀ,ਸੋਚਾਂ ਦੇ ਨਿਸ਼ਾਨ,ਪੰਨਾਂ-99
26 ਗੁਰਮੀਤ ਕੱਲਰਮਾਜਰੀ,ਹਾਸ਼ੀਏ ਤੋਂ ਬਾਹਰ, ਪੰਨਾਂ-21
27 ਹਰਮੇਸ਼ ਮਲਾੜੀ,ਨਵਾਂ ਜਮਾਨਾਂ,27ਮਾਰਚ,2011
28 ਲਖਵਿੰਦਰ ਜੋਹਲ, ਇਕ ਸੁਪਨਾ ਇਕ ਸੰਵਾਦ, ਪੰਨਾ -36
29 ਅਮਰਜੀਤ ਗਰੇਵਾਲ,ਸੱਚ ਦੀ ਸਿਆਸਤ, ਪੰਨਾ-183
30 Harvy,The condition Of Post Modernity,page-107.
31 Chirs Barkkkar, Cultural Studies,Theory and Practice,page-34
32 ਇਕਬਾਲ ਰਾਮੂਵਾਲੀਆ, ਪੰਲਘ-ਪੰਘੂੜਾ,ਪੰਨਾ-113
33 ਉਹੀ,ਕਵਿਤਾ ਮੈਨੂੰ ਲਿਖਦੀ ਹੈ, ਪੰਨਾ-37
34 ਸੁਰਜੀਤ ਪਾਤਰ, ਸੁਰਜ਼ਮੀਨ,ਪੰਨਾਂ-15
35 ਰਜਿੰਦਰ ਭੱਟੀ, ਤੂੰ ਨਜਮ ਹੀਂ ਰਹੀਂ,ਪੰਨਾਂ-47
36 ਜਸਵਿੰਦਰ,ਅਗਰਬੱਤੀ, ਪੰਨਾ-34
37 ਉਹੀ,ਪੰਨਾਂ-21